# ਪ੍ਰਾਸਪੈਕਟਸ

# PROSPECTUS

## 2023-24




*Affiliated to Punjabi University, Patiala*

# GURMAT COLLEGE PATIALA

**(DERA BABA JASSA SINGH)**

**Managed by : GURU NANAK FOUNDATION, NEW DELHI**

**Phone : +91-175-2201131 Mobile : +91-98760-86649, 98882-35185, 97797-26426**

**e-mail : gc_patiala@yahoo.com**



**ਸੰਤ ਗੁਰਮੁਖ ਸਿੰਘ ਜੀ (ਸਵ.)**

**ਸੰਸਥਾਪਕ, ਗੁਰਮਤਿ ਕਾਲਜ, ਪਟਿਆਲਾ**



**ਪੰਥ ਰਤਨ ਡਾ. ਇੰਦਰਜੀਤ ਸਿੰਘ ਜੀ (ਸਵ.)**

**ਸਾਬਕਾ ਪ੍ਰਧਾਨ, ਗੁਰੂ ਨਾਨਕ ਫਾਊਂਡੇਸ਼ਨ, ਨਵੀਂ ਦਿੱਲੀ**

# ਸੰਦੇਸ਼



ਗੁਰਮਤਿ ਕਾਲਜ, ਪਟਿਆਲਾ ਸਿੱਖ ਪੰਥ ਦੀ ਉੱਘੀ ਸੰਸਥਾ ਹੈ। ਇਸ ਸੰਸਥਾ ਨੇ ਸਿੱਖ ਪੰਥ ਦੀ ਝੋਲੀ ਵਿੱਚ ਪ੍ਰਬੁੱਧ ਵਿਦਵਾਨ ਅਤੇ ਪ੍ਰਚਾਰਕ ਪਾਏ ਹਨ। ਇਹ ਵਿਦਵਾਨ ਅਤੇ ਪ੍ਰਚਾਰਕ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਨਾਲ-ਨਾਲ ਵਿਦੇਸ਼ਾਂ ਦੀਆਂ ਸਥਾਪਿਤ ਸੰਸਥਾਵਾਂ ਵਿੱਚ ਕਾਰਜਸ਼ੀਲ ਹਨ। 'ਡੇਰਾ ਬਾਬਾ ਜੱਸਾ ਸਿੰਘ' ਵਿਖੇ ਸੁਸ਼ੋਭਿਤ ਇਸ ਸੰਸਥਾ ਦਾ ਉਦੇਸ਼ ਅਜੋਕੇ ਮਸ਼ੀਨੀ ਅਤੇ ਤਕਨੀਕੀ ਦੌਰ ਵਿੱਚ ਵਿਦਿਆਰਥੀਆਂ ਨੂੰ ਸੰਸਾਰੀ ਅਤੇ ਧਾਰਮਿਕ ਵਿਦਿਆ ਦੇਣ ਦੇ ਨਾਲ-ਨਾਲ ਰੂਹਾਨੀਅਤ ਨਾਲ ਜੋੜਨਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਮਾਨਤਾ ਪ੍ਰਾਪਤ ਗੁਰਮਤਿ ਕਾਲਜ, ਪਟਿਆਲਾ ਤੋਂ ਸੰਤ-ਸਕਾਲਰ ਪੈਦਾ ਕਰਨਾ ਇਸ ਸੰਸਥਾ ਦੇ ਬਾਨੀ ਬਾਬਾ ਗੁਰਮੁਖ ਸਿੰਘ ਜੀ ਦਾ ਸੁਫ਼ਨਾ ਹੈ। ਇਸ ਸੁਫ਼ਨੇ ਨੂੰ ਸਾਕਾਰ ਕਰਨ ਲਈ ਗੁਰਮਤਿ ਕਾਲਜ, ਪਟਿਆਲਾ ਕਾਰਜਸ਼ੀਲ ਹੈ। ਸਥਾਪਨਾ ਦੇ ਪੰਜਾਹ ਸਾਲ ਪੂਰੇ ਕਰ ਚੁੱਕੀ ਇਹ ਸੰਸਥਾ ਸਾਲ 2023-24 ਦੇ ਅਕਾਦਮਿਕ ਸੈਸ਼ਨ ਲਈ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਜੀ ਆਇਆਂ ਆਖਦਿਆਂ ਇਹ ਆਸ ਕਰਦੀ ਹਾਂ ਕਿ ਆਉਣ ਵਾਲਾ ਵਰ੍ਹਾ ਗੁਰਮਤਿ ਕਾਲਜ ਲਈ ਹੋਰ ਵੀ ਚੜ੍ਹਦੀਕਲਾ ਵਾਲਾ ਹੋਵੇ ਅਤੇ ਵਿਦਿਆਰਥੀ ਗੁਰਮਤਿ ਦਾ ਗਿਆਨ ਧਾਰਨ ਕਰਕੇ ਇਸਦਾ ਪ੍ਰਚਾਰ ਤੇ ਪ੍ਰਸਾਰ ਕਰਨ।

ਜਸਬੀਰ ਕੌਰ

ਡਾ. ਜਸਬੀਰ ਕੌਰ
ਪ੍ਰਿੰਸੀਪਲ

# ਗੁਰਮਤਿ ਕਾਲਜ, ਪਟਿਆਲਾ

**ਜਾਣਕਾਰੀ :**

ਪਿਛਲੇ 55 ਸਾਲਾਂ ਤੋਂ ਗੁਰਮਤਿ ਕਾਲਜ, ਪਟਿਆਲਾ, ਤੁਲਨਾਤਮਕ ਧਰਮ ਅਧਿਐਨ ਅਤੇ ਸਿਖੀ ਦੇ ਪ੍ਰਚਾਰ, ਪ੍ਰਸਾਰ ਅਤੇ ਅਕਾਦਮਿਕ ਖੋਜ ਖੇਤਰ ਵਿਚ ਆਪਣੀ ਮਾਣਮੱਤੀ ਪਛਾਣ ਬਣਾ ਚੁੱਕਿਆ ਹੈ। ਸੰਨ 1967 ਤੋਂ ਸਥਾਪਿਤ ਗੁਰਮਤਿ ਕਾਲਜ ਤੋਂ ਸਿੱਖਿਆ ਪ੍ਰਾਪਤ ਵਿਦਵਾਨ ਦੇਸ਼ਾਂ-ਵਿਦੇਸ਼ਾਂ ਵਿਚ ਇਸ ਖੇਤਰ ਵਿਚ ਵੱਡਾ ਨਾਮਣਾ ਖੱਟ ਚੁੱਕੇ ਹਨ ਅਤੇ ਅੱਜ ਵੀ ਕਾਰਜਸ਼ੀਲ ਹਨ। ਬੇਸ਼ੱਕ ਇਨ੍ਹਾਂ ਉਪਲਬਧੀਆਂ ਕਰਕੇ ਇਹ ਕਾਲਜ ਜਾਣ-ਪਛਾਣ ਦਾ ਮੁਥਾਜ ਨਹੀਂ ਰਿਹਾ, ਪਰ ਫਿਰ ਵੀ ਉਹ ਲੋਕ ਜੋ ਅਜੇ ਵੀ ਇਸ ਸੰਸਥਾ ਦੀਆਂ ਵਿਸ਼ੇਸ਼ਤਾਈਆਂ ਤੋਂ ਜਾਣੂ ਨਹੀਂ ਹਨ, ਉਨ੍ਹਾਂ ਨੂੰ ਅਜਿਹੀ ਜਾਣ-ਪਛਾਣ ਕਰਾਉਣੀ ਜ਼ਰੂਰੀ ਹੋ ਜਾਂਦੀ ਹੈ।

ਇਹ ਸੰਸਥਾ ਮਹਾਨ ਵਿਦਵਾਨ ਅਤੇ ਮਹਾਂਪੁਰਸ਼ ਸੰਤ ਗੁਰਮੁਖ ਸਿੰਘ ਜੀ ਦੇ ਸੁਪਨੇ ਦਾ ਸਾਕਾਰ ਰੂਪ ਹੈ। ਉਹਨਾਂ ਦੀ ਵੱਡੀ ਸੋਚ ਸੀ ਕਿ ਸਿੱਖ ਪ੍ਰਚਾਰਕ ਵੱਡੇ ਵਿਦਵਾਨ ਹੋਣ ਦੇ ਨਾਲ-ਨਾਲ ਸੁਚੱਜੀ ਗੁਰਮਤਿ ਰਹਿਣੀ ਅਤੇ ਆਤਮਿਕ ਅਨੁਭਵ ਵਾਲੇ ਵਿਅਕਤੀ ਹੋਣ। ਇਸ ਲਈ ਗੁਰਮਤਿ ਕਾਲਜ ਵਿਚ ਵਿਦਿਆਰਥੀਆਂ ਦੀ ਨਿੱਤ ਕਿਰਿਆ/ਸਿਲੇਬਸ ਅਜਿਹਾ ਨਿਰਧਾਰਤ ਕੀਤਾ ਗਿਆ ਹੈ ਤਾਂ ਜੋ ਅਜਿਹੇ ਸੁਮੇਲ ਨੂੰ ਵਿਦਿਆਰਥੀਆਂ ਵਿਚ ਮੂਰਤੀਮਾਨ ਕਰ ਸਕੇ। ਇਹ ਸੰਸਥਾ ਅੰਮ੍ਰਿਤ ਵੇਲੇ ਤੋਂ ਕਿਰਿਆਸ਼ੀਲ ਹੋ ਕੇ ਰਹਿਰਾਸ ਸਾਹਿਬ/ਸੋਹਿਲਾ ਸਾਹਿਬ ਦੇ ਪਾਠ ਦੀ ਸਮਾਪਤੀ ਨਾਲ ਬੰਦ ਹੁੰਦੀ ਹੈ। ਵਿਦਿਆਰਥੀਆਂ ਨੂੰ ਸਿਮਰਨ ਦੇ ਨਾਲ ਜੋੜਿਆ ਜਾਂਦਾ ਹੈ। ਇਸ ਕਾਲਜ ਵਿਚ ਪਾਵਨ ਅਸਥਾਨ ਦੀ ਪਵਿੱਤਰਤਾ ਵੀ ਸਹਾਈ ਹੁੰਦੀ ਹੈ ਜਿਥੇ ਸੰਤ ਬਾਬਾ ਹਰਦਿੱਤ ਸਿੰਘ ਜੀ, ਸੰਤ ਬਾਬਾ ਨੰਦ ਸਿੰਘ ਜੀ ਅਤੇ ਸੰਤ ਬਾਬਾ ਜੱਸਾ ਸਿੰਘ ਜੀ ਵਰਗੇ ਜਪੀਆਂ, ਤਪੀਆਂ ਦੀ ਪਾਵਨ ਛੋਹ ਪ੍ਰਾਪਤ ਹੈ। ਇਹਨਾਂ ਮਹਾਂਪੁਰਸ਼ਾਂ ਦੀ ਨਿੱਘ ਅੱਜ ਵੀ ਮਾਣੀ ਜਾ ਰਹੀ ਹੈ, ਜਿੱਥੇ ਅਣਗਿਣਤ ਸ਼ਰਧਾਲੂਆਂ ਦੇ ਸਿਰ ਰੋਜ਼ ਝੁਕਦੇ ਹਨ ਅਤੇ ਉਨਾਂ ਦੀਆਂ ਮਨੋਕਾਮਨਾਵਾਂ ਵੀ ਪੂਰਨ ਹੁੰਦੀਆਂ ਹਨ।

**ਵਿਸ਼ੇਸ਼ਤਾਵਾਂ:**

1. ਐਮ.ਏ. (ਧਰਮ ਅਧਿਐਨ) ਲਈ ਇਹ ਅਜਿਹਾ ਕਾਲਜ ਹੈ ਜਿਥੇ ਯੂਨੀਵਰਸਿਟੀ ਦੇ ਸਿਲੇਬਸ ਅਨੁਸਾਰ ਗੁਰਮਤਿ ਦੇ ਨਾਲ-ਨਾਲ ਸੰਸਾਰ ਦੇ ਪ੍ਰਮੁੱਖ ਧਰਮਾਂ ਦਾ ਅਧਿਐਨ ਕਰਵਾਇਆ ਜਾਂਦਾ ਹੈ।
2. ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਚੋਣਵੀਆਂ ਰਚਨਾਵਾਂ ਦੇ ਨਾਲ-ਨਾਲ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀਆਂ ਚੋਣਵੀਆਂ ਰਚਨਾਵਾਂ ਦਾ ਅਧਿਐਨ ਵੀ ਕਰਵਾਇਆ ਜਾਂਦਾ ਹੈ।
3. ਪੰਜਾਬ ਦਾ ਇਤਿਹਾਸ, ਗੁਰਮਤਿ ਵਿਚਾਰਧਾਰਾ ਦੇ ਪ੍ਰਸੰਗ ਵਿਚ ਪੜ੍ਹਾਇਆ ਜਾਂਦਾ ਹੈ।
4. ਧਰਮ ਅਧਿਐਨ, ਧਰਮ ਦਰਸ਼ਨ ਤੇ ਗੁਰਮਤਿ ਦਰਸ਼ਨ ਦਾ ਅਧਿਐਨ ਕਰਵਾਇਆ ਜਾਂਦਾ ਹੈ।
5. ਗੁਰਮਤਿ ਪ੍ਰੰਪਰਾ ਅਨੁਸਾਰ ਕਥਾ/ਲੈਕਚਰ ਅਤੇ ਗੁਰਮਤਿ ਸੰਗੀਤ ਸਿਖਾਇਆ ਜਾਂਦਾ ਹੈ, ਜੋ ਸਿਲੇਬਸ ਦਾ ਹਿੱਸਾ ਹਨ।

**ਪ੍ਰਾਪਤੀਆਂ ਤੇ ਭਵਿੱਖ :**

1970 ਤੋਂ ਹੁਣ ਤਕ ਅਨੇਕਾਂ ਵਿਦਿਆਰਥੀ ਇਸ ਕਾਲਜ ਰਾਹੀਂ ਐਮ.ਏ. (ਧਰਮ ਅਧਿਐਨ) ਦੀ ਡਿਗਰੀ ਪ੍ਰਾਪਤ ਕਰ ਚੁੱਕੇ ਹਨ। ਬਹੁਤ ਸਾਰੇ ਵਿਦਿਆਰਥੀ ਐਮ.ਫਿਲ. ਅਤੇ ਪੀਐਚ.ਡੀ. ਕਰ ਚੁੱਕੇ ਹਨ ਅਤੇ ਕਰ ਰਹੇ ਹਨ। ਕਈ ਵਿਦਿਆਰਥੀ ਦੇਸ਼ਾਂ ਵਿਦੇਸ਼ਾਂ ਵਿਚ ਪੰਥ ਪ੍ਰਸਿਧ ਤੇ ਪ੍ਰਤਿਸ਼ਠਿਤ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਵਿਚ ਲੈਕਚਰਾਰ/ਪ੍ਰੋਫੈਸਰ ਅਤੇ ਮਿਸ਼ਨਰੀ ਵਜੋਂ ਕੰਮ ਕਰ ਰਹੇ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ 10+2 ਦੀ ਵਿੱਦਿਅਕ ਨੀਤੀ ਅਧੀਨ +1 ਅਤੇ +2 ਦੀਆਂ ਕਲਾਸਾਂ ਵਿਚ 'ਧਰਮ ਅਧਿਐਨ' ਨੂੰ ਵਿਸ਼ੇ ਵਜੋਂ ਲਾਗੂ ਕੀਤਾ ਜਾ ਚੁੱਕਿਆ ਹੈ। ਪੰਜਾਬ ਦੇ ਬਹੁਤੇ ਕਾਲਜਾਂ ਵਿਚ 'ਧਰਮ ਅਧਿਐਨ' ਵਿਸ਼ਾ ਵੀ ਪੜਾਇਆ ਜਾਂਦਾ

ਹੈ। ਸੰਨ 2009 ਤੋਂ ਧਰਮ ਅਧਿਐਨ ਵਿਸ਼ੇ ਨੂੰ ਬੀ.ਐਡ. ਵਿੱਚ ਵੀ ਮਾਨਤਾ ਦਿੱਤੀ ਜਾ ਚੁੱਕੀ ਹੈ। ਇਸ ਵਿਸ਼ੇ ਵਿੱਚ ਬੀ.ਏ. ਕਰਨ ਵਾਲਾ ਵਿਦਿਆਰਥੀ ਬੀ.ਐਡ ਕਰਨ ਲਈ ਯੋਗ ਮੰਨਿਆ ਗਿਆ ਹੈ। ਪੰਜਾਬ ਸਰਕਾਰ ਵੱਲੋਂ ਇਸ ਵਿਸ਼ੇ ਨੂੰ ਬੀ.ਐਡ. ਕੋਰਸ ਵਿੱਚ ਵੱਖਰੇ ਵਿਸ਼ੇ ਵਜੋਂ ਮਾਨਤਾ ਮਿਲੀ ਹੋਈ ਹੈ। ਐਮ.ਏ. (ਧਰਮ ਅਧਿਐਨ) ਦੀ ਡਿਗਰੀ ਪ੍ਰਾਪਤ ਕਰਨ ਉਪਰੰਤ ਵਿਦਿਆਰਥੀ ਹੇਠ ਲਿਖੇ ਖੇਤਰਾਂ ਵਿਚ ਸੇਵਾ ਕਰ ਸਕਦੇ ਹਨ:

1. ਸਕੂਲਾਂ ਅਤੇ ਕਾਲਜਾਂ ਵਿਚ ਧਾਰਮਿਕ ਅਧਿਆਪਕ ਅਤੇ ਲੈਕਚਰਾਰ/ਅਸਿਸਟੈਂਟ ਪ੍ਰੋਫੈਸਰ ਲੱਗ ਸਕਦੇ ਹਨ।
2. ਲੋੜੀਂਦੇ ਟੈਸਟ ਪਾਸ ਕਰਨ ਅਤੇ ਉੱਚ ਸਿੱਖਿਆ ਪ੍ਰਾਪਤ ਕਰਨ ਉਪਰੰਤ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਅਸਿਸਟੈਂਟ ਪ੍ਰੋਫੈਸਰ, ਰੀਸਰਚ ਸਕਾਲਰ ਨਿਯੁਕਤ ਹੋ ਸਕਦੇ ਹਨ।
3. ਗੁਰੂ ਨਾਨਕ ਫਾਊਂਡੇਸ਼ਨ, ਨਵੀਂ ਦਿੱਲੀ, ਯੋਗ ਵਿਦਿਆਰਥੀ ਨੂੰ ਬਤੌਰ ਮਿਸ਼ਨਰੀ ਨਿਯੁਕਤ ਕਰ ਸਕਦੀ ਹੈ।
4. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ, ਨਵੀਂ ਦਿੱਲੀ, ਵਲੋਂ ਧਾਰਮਿਕ ਅਧਿਆਪਕ ਅਤੇ ਮਿਸ਼ਨਰੀ ਵਜੋਂ ਨਿਯੁਕਤੀ ਹੋ ਸਕਦੀ ਹੈ।

**ਸਟਾਫ਼:**

| | | | |
|---|---|---|---|
| 1. | ਪ੍ਰਿੰਸੀਪਲ | : | **ਡਾ. ਜਸਬੀਰ ਕੌਰ,** ਐਮ.ਏ. (ਮਿਊਜ਼ਿਕ ਵੋਕਲ) ਪੀਐਚ.ਡੀ. |

**ਟੀਚਿੰਗ ਸਟਾਫ਼:**

| | | | |
|---|---|---|---|
| * | ਅਸਿਸਟੈਂਟ ਪ੍ਰੋਫੈਸਰ | : | **ਡਾ. ਅਸਪ੍ਰੀਤ ਕੌਰ,** ਐਮ.ਏ., ਐਮ.ਫਿਲ. (ਧਰਮ ਅਧਿਐਨ, ਨੈਟ) ਪੀਐਚ.ਡੀ. |
| * | ਅਸਿਸਟੈਂਟ ਪ੍ਰੋਫੈਸਰ | : | **ਡਾ. ਹਰਜੀਤ ਸਿੰਘ,** ਐਮ.ਏ., ਐਮ.ਫਿਲ. (ਧਰਮ ਅਧਿਐਨ, ਨੈਟ, ਜੇ.ਆਰ.ਐਫ) ਪੀਐਚ.ਡੀ. |
| * | ਅਸਿਸਟੈਂਟ ਪ੍ਰੋਫੈਸਰ (ਪਾਰਟ-ਟਾਈਮ ਸੰਗੀਤ) | : | **ਬੀਬੀ ਅਮਨਪ੍ਰੀਤ ਕੌਰ** ਐਮ.ਏ., ਐਮ.ਫਿਲ., (ਮਿਊਜ਼ਿਕ ਵੋਕਲ) |
| * | ਹੋਸਟਲ ਵਾਰਡਨ | : | **ਸ੍ਰ. ਜਸਬੀਰ ਸਿੰਘ** ਐਮ.ਏ. (ਧਰਮ ਅਧਿਐਨ ਅਤੇ ਅਰਥ-ਸ਼ਾਸਤਰ) |

**ਨਾਨ-ਟੀਚਿੰਗ ਸਟਾਫ਼:**

| | | | |
|---|---|---|---|
| 1. | ਸੁਪਰਡੈਂਟ | : | ਖਾਲੀ |
| 2. | ਕਲਰਕ/ਟਾਈਪਿਸਟ | : | **ਸ੍ਰ. ਕੁਲਦੀਪ ਸਿੰਘ**, ਐਮ.ਏ. (ਧਰਮ ਅਧਿਐਨ, ਇਤਿਹਾਸ), ਐਮ.ਲਿਬ. |

**ਲਾਇਬ੍ਰੇਰੀ ਸਟਾਫ਼:**

| | | | |
|---|---|---|---|
| 1. | ਲਾਇਬ੍ਰੇਰੀਅਨ | : | **ਬੀਬੀ ਪ੍ਰਭਜੋਤ ਕੌਰ,** ਐਮ.ਲਿਬ, ਨੈਟ, ਐਮ.ਏ. (ਪੰਜਾਬੀ) |

**ਸਹਾਇਕ ਸਟਾਫ਼:**

| | | | |
|---|---|---|---|
| 1. | ਤਬਲਾ ਪਲੇਅਰ (ਪਾਰਟ ਟਾਈਮ) | : | **ਸ੍ਰ. ਬਲਵਿੰਦਰ ਸਿੰਘ** |

**ਦਰਜਾ ਚਾਰ ਸਟਾਫ਼:**

| | | | |
|---|---|---|---|
| 1. | ਸਫ਼ਾਈ ਸੇਵਿਕਾ | : | **ਬੀਬੀ ਰਾਣੀ ਕੌਰ** |

2. ਸੇਵਾਦਾਰ : **ਸ੍ਰੀ ਖ਼ਾਗ ਬਹਾਦਰ**
3. ਮਾਲੀ : **ਸ੍ਰ. ਪਰਮਜੀਤ ਸਿੰਘ**
4. ਚੌਂਕੀਦਾਰ : 1
5. ਕੁੱਕ : **ਬੀਬੀ ਸਰੋਜ**

**ਕਾਲਜ ਵਿਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਲਈ ਵਜ਼ੀਫ਼ੇ:**

ਗੁਰਮਤਿ ਕਾਲਜ, ਪਟਿਆਲਾ, ਵਿੱਚ ਦਾਖ਼ਲਾ ਲੈਣ ਵਾਲੇ **ਲੋੜਵੰਦ ਅਤੇ ਯੋਗ** ਵਿਦਿਆਰਥੀਆਂ ਨੂੰ ਹੇਠ ਲਿਖੇ ਨਿਯਮਾਂ ਅਨੁਸਾਰ ਕਾਲਜ ਵਿਚ **ਰੈਗੂਲਰ ਕਲਾਸਾਂ ਲਗਾਉਣ ਦੀ ਮਿਤੀ ਤੋਂ ਲੈ ਕੇ ਯੂਨੀਵਰਸਿਟੀ ਪ੍ਰੀਖਿਆ ਦੀ ਅਖੀਰਲੀ ਮਿਤੀ** ਤਕ ਵਜੀਫ਼ਾ ਦਿੱਤਾ ਜਾਵੇਗਾ।

1. ਇਹ ਵਜ਼ੀਫ਼ਾ ਕਿਸੇ ਵੀ ਦਾਖ਼ਲ ਹੋਣ ਵਾਲੇ ਵਿਦਿਆਰਥੀ ਦਾ ਹੱਕ ਨਹੀਂ ਹੋਵੇਗਾ ਬਲਕਿ ਕਾਲਜ ਵਲੋਂ ਯੋਗਤਾ ਦੇ ਆਧਾਰ ਤੇ ਦਿੱਤਾ ਜਾਵੇਗਾ। ਵਜੀਫੇ ਦੀ ਅਦਾਇਗੀ ਹਰ ਮਹੀਨੇ ਦੀ 15 ਤਾਰੀਖ ਤਕ ਕੀਤੀ ਜਾਵੇਗੀ। ਕਿਸੇ ਵੀ ਵਿਦਿਆਰਥੀ ਦੇ ਮੈਸ ਦੇ ਬਿਲ ਦੀ ਅਦਾਇਗੀ ਵਜੀਫ਼ੇ ਵਿਚੋਂ ਨਹੀਂ ਕੀਤੀ ਜਾਵੇਗੀ।
2. ਐਮ.ਏ. ਭਾਗ ਪਹਿਲਾ ਅਤੇ ਦੂਜਾ ਵਿਚ ਦਾਖ਼ਲਾ ਲੈਣ ਵਾਲੇ ਵਿਦਿਆਰਥੀ ਨੂੰ 2500/- ਰੁਪਏ ਪ੍ਰਤੀ ਮਹੀਨਾ ਵਜ਼ੀਫ਼ਾ ਦਿੱਤਾ ਜਾਵੇਗਾ।
3. ਲੜਕਿਆਂ ਲਈ ਹੋਸਟਲ ਦੀ ਸੁਵਿਧਾ ਉਪਲਬਧ ਹੈ। ਇਸ ਲਈ ਲੜਕਿਆਂ ਲਈ ਹੋਸਟਲ ਵਿਚ ਰਹਿਣਾ ਲਾਜ਼ਮੀ ਹੈ।
4. ਲੜਕੀਆਂ ਲਈ ਹੋਸਟਲ ਦਾ ਪ੍ਰਬੰਧ ਨਹੀਂ ਹੈ। ਇਸ ਲਈ ਡੇਅ-ਸਕਾਲਰ ਲੜਕੀਆਂ ਨੂੰ 2500/- ਰੁ. ਮਹੀਨਾ ਵਜ਼ੀਫ਼ਾ ਦਿੱਤਾ ਜਾਵੇਗਾ।
5. ਜਿਹੜੇ ਵਿਦਿਆਰਥੀ ਐਮ.ਏ. (ਧਰਮ ਅਧਿਐਨ) ਦਾ ਦੋ ਸਾਲ ਦਾ ਪੂਰਾ ਕੋਰਸ ਕੀਤੇ ਬਿਨਾਂ ਕਾਲਜ ਛੱਡ ਦਿੰਦੇ ਹਨ ਤਾਂ ਉਨ੍ਹਾਂ ਵਲੋਂ ਕਾਲਜ ਤੋਂ ਪ੍ਰਾਪਤ ਕੀਤਾ ਵਜ਼ੀਫ਼ਾ ਵਾਪਸ ਕਰਨਾ ਹੋਵੇਗਾ।
6. ਹਰ ਵਿਦਿਆਰਥੀ ਨੂੰ ਇਹ ਵਜੀਫ਼ਾ ਪ੍ਰਾਪਤ ਕਰਨ ਲਈ ਹੇਠ ਲਿਖੇ ਨਿਯਮਾਂ ਦਾ ਪਾਬੰਦ ਹੋਣਾ ਪਵੇਗਾ:
   - (i) ਟੀਚਿੰਗ ਸਟਾਫ਼ ਵਲੋਂ ਹਰ ਮਹੀਨੇ ਦੇ ਦਿੱਤੇ ਲਿਖਤੀ ਟੈਸਟ/Assignments ਅਤੇ ਜ਼ੁਬਾਨੀ ਯਾਦ ਕੰਮ ਨੂੰ ਵਿਦਿਆਰਥੀ ਨੇ ਕੀਤਾ ਹੋਵੇ।
   - (ii) ਵਿਦਿਆਰਥੀ ਦਾ ਅਨੁਸ਼ਾਸਨ ਠੀਕ ਹੋਵੇ।
   - (iii) ਇਕ ਮਹੀਨੇ ਵਿਚ ਦੋ ਤੋਂ ਵੱਧ ਕਿਸੇ ਵੀ ਕਾਰਣ ਕਰਕੇ ਛੁੱਟੀ/ਗ਼ੈਰ-ਹਾਜ਼ਰੀ ਦਾ ਵਜੀਫ਼ਾ ਕੱਟ ਲਿਆ ਜਾਵੇਗਾ।
   - (iv) ਇਸੇ ਤਰ੍ਹਾਂ ਇੱਕ ਮਹੀਨੇ ਵਿਚ ਕਿਸੇ ਵੀ ਕਾਰਣ ਤਿੰਨ ਤੋਂ ਸੱਤ ਛੁੱਟੀਆਂ/ਗ਼ੈਰ-ਹਾਜ਼ਰੀਆਂ ਲਈ ਅੱਧੇ ਮਹੀਨੇ ਦਾ ਵਜੀਫ਼ਾ ਅਤੇ ਦਸ ਜਾਂ ਇਸ ਤੋਂ ਵੱਧ ਛੁੱਟੀਆਂ/ਗ਼ੈਰ-ਹਾਜ਼ਰੀਆਂ ਲਈ ਪੂਰੇ ਮਹੀਨੇ ਦਾ ਵਜੀਫ਼ਾ ਰੋਕ ਲਿਆ ਜਾਵੇਗਾ।
   - (v) ਪੂਰੇ ਸਮੈਸਟਰ ਦੌਰਾਨ 75% ਹਾਜਰੀਆਂ ਪੂਰੀਆਂ ਕਰਨੀਆਂ ਲਾਜ਼ਮੀ ਹਨ। ਇਸ ਤੋਂ ਘੱਟ ਹਾਜ਼ਰੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਤੋਂ ਪੂਰੇ ਸਮੈਸਟਰ ਦਾ ਵਜੀਫ਼ਾ ਵਾਪਸ ਲਿਆ ਜਾਵੇਗਾ।
   - (vi) ਹਰ ਵਿਦਿਆਰਥੀ ਨੂੰ ਦਾਖ਼ਲੇ ਸਮੇਂ ਵਜੀਫ਼ਾ ਪ੍ਰਾਪਤ ਕਰਨ ਲਈ ਸਵੈ ਘੋਸ਼ਣਾ ਪੱਤਰ ਦੇਣਾ ਹੋਵੇਗਾ ਜੋ ਪ੍ਰਾਸਪੈਕਟਸ ਦੇ ਦਾਖ਼ਲਾ ਫ਼ਾਰਮ ਨਾਲ ਨੱਥੀ ਹੈ।

**ਵਜ਼ੀਫ਼ਾ ਪ੍ਰਾਪਤ ਕਰਨ ਲਈ ਇਨਡੈਮਨਿਟੀ ਬਾਂਡ:**

ਹਰ ਵਿਦਿਆਰਥੀ ਨੂੰ ਕਾਲਜ ਤੋਂ ਵਜੀਫ਼ਾ ਪ੍ਰਾਪਤ ਕਰਨ ਤੋਂ ਪਹਿਲਾਂ ਕਾਲਜ ਵਲੋਂ ਨਿਰਧਾਰਤ 50/-

ਰੁਪਏ ਦੇ ਅਸ਼ਟਾਮ ਉਤੇ ਇਕਰਾਰਨਾਮਾ ਭਰ ਕੇ ਦੇਣਾ ਪਵੇਗਾ। ਇਸ ਇਕਰਾਰਨਾਮੇ ਤੋਂ ਬਿਨਾਂ ਵਜ਼ੀਫ਼ਾ ਨਹੀਂ ਦਿੱਤਾ ਜਾਵੇਗਾ। ਸਾਲ 2023-24 ਵਿਚ ਐਮ.ਏ. ਭਾਗ ਦੂਜਾ ਦੇ ਵਿਦਿਆਰਥੀਆਂ ਲਈ ਨਵਾਂ ਇਕਰਾਰਨਾਮਾ ਭਰ ਕੇ ਦੇਣਾ ਜ਼ਰੂਰੀ ਹੈ।

**ਐਮ.ਏ. (ਧਰਮ ਅਧਿਐਨ) ਦੇ ਸਿਲੇਬਸ ਬਾਰੇ ਜਾਣਕਾਰੀ:**

ਜੁਲਾਈ 2003 ਤੋਂ ਐਮ.ਏ. (ਧਰਮ ਅਧਿਐਨ) ਦੀ ਪੜ੍ਹਾਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਮੈਸਟਰ ਸਿਸਟਮ ਅਨੁਸਾਰ ਸ਼ੁਰੂ ਹੈ। ਯੂਨੀਵਰਸਿਟੀ ਵਲੋਂ ਪ੍ਰਵਾਨਿਤ ਸਿਲੇਬਸ ਨਿਮਨ ਅਨੁਸਾਰ ਹੈ:

**(SEMESTER-I)**

| | |
|---|---|
| Paper-I | Study of Religion-A |
| Paper-II | Study of Sikh Religion-A |
| Paper-III | Option-I Hinduism-A<br>Option-II Study of Indian Religions |
| Paper-IV | Option-I Judaism<br>Option-II Study of Sikh Scripture |

**(SEMESTER-II)**

| | |
|---|---|
| Paper-V | Study of Religion-B |
| Paper-VI | Study of Sikh Religion-B |
| Paper-VII | Option-I Hinduism-B<br>Option-II Study of Sikh Scripture-B |
| Paper-VIII | Option-I Christianity<br>Option-II Study of West Asian Religions (Judaism, Christianity & Islam) |

**(SEMESTER-III)**

| | |
|---|---|
| Paper-IX | Philosophy of Religion |
| Paper-X | Sikh Philosophy |
| Paper-XI | Option-I Islam<br>Option-II Study of Bhagat Bani |
| Paper-XII | Option-I Buddhism<br>Option-II Interpretation of Gurbani Theory & Practical |

**(SEMESTER-IV)**

| | |
|---|---|
| Paper-XIII | Hermeneutical Study of Religion |
| Paper-XIV | Sikh Philosophy |
| Paper-XV | Option-I Sufism<br>Option-II Study of the Dasam Granth |
| Paper-XVI | Option-I Jainism<br>Option-II Gurmat Sangeet Theory & Practical |

**ਨੋਟ:**1. ਗੁਰਮਤਿ ਕਾਲਜ ਵਿਚ III, IV, VII, VIII, XI, XII, XV ਅਤੇ XVI ਪੇਪਰਾਂ ਦੀ ਆਪਸ਼ਨ (ii) ਹੀ ਪੜ੍ਹਾਈ ਜਾਂਦੀ ਹੈ।

2. ਪੇਪਰ XVI ਆਪਸ਼ਨ (ii) ਦੀਆਂ ਕਲਾਸਾਂ ਪਹਿਲੇ ਸਮੈਸਟਰ ਤੋਂ ਸ਼ੁਰੂ ਹੋ ਜਾਂਦੀਆਂ ਹਨ।

**ਐਮ.ਏ. (ਧਰਮ ਅਧਿਐਨ) ਵਿਚ ਦਾਖ਼ਲੇ ਲਈ ਯੋਗਤਾ:**

**1. ਐਮ.ਏ. (ਭਾਗ ਪਹਿਲਾ) ਸਮੈਸਟਰ ਸਿਸਟਮ : ਕੁਲ 10 ਸੀਟਾਂ**

(i) ਵਿਦਿਆਰਥੀ ਨੇ ਕਿਸੇ ਵੀ ਵਿਸ਼ੇ (ਆਰਟਸ, ਸਾਇੰਸ, ਕਾਮਰਸ) ਵਿਚ ਗ੍ਰੈਜੂਏਸ਼ਨ ਕੀਤੀ ਹੋਵੇ।

(ii) ਵਿਦਿਆਰਥੀ ਧਰਮ, ਗੁਰਬਾਣੀ, ਕੀਰਤਨ ਆਦਿ ਵਿਚ ਰੁਚੀ ਰਖਦਾ ਹੋਵੇ।

(iii) ਦਾਖ਼ਲੇ ਤੋਂ ਪਹਿਲਾਂ ਵਿਦਿਆਰਥੀ ਦਾ ਇੰਟਰਵਿਊ ਲਿਆ ਜਾਵੇਗਾ, ਜਿਸਦੇ 25 ਅੰਕ ਨਿਰਧਾਰਿਤ ਕੀਤੇ ਗਏ ਹਨ। ਇਹ ਅੰਕ ਗੁਰਮਤਿ ਸੰਗੀਤ, ਕਥਾ/ਵਿਆਖਿਆਨ, ਕੰਠ ਬਾਣੀਆਂ, ਗੁਰਮਤਿ ਦੀ ਮੁਢਲੀ ਸੋਝੀ ਅਤੇ ਰਵੱਈਏ 'ਤੇ ਨਿਰਧਾਰਿਤ ਹੋਣਗੇ।

**2. ਐਮ.ਏ. (ਭਾਗ ਦੂਜਾ) ਸਮੈਸਟਰ ਸਿਸਟਮ : ਕੁਲ 10 ਸੀਟਾਂ**

ਐਮ.ਏ. (ਭਾਗ ਪਹਿਲਾ) ਸਮੈਸਟਰ ਸਿਸਟਮ ਰਾਹੀਂ ਪਾਸ ਕੀਤੀ ਹੋਵੇ।

**ਫ਼ੀਸਾਂ ਅਤੇ ਫ਼ੰਡਜ਼ :**

**ਵਿਦਿਆਰਥੀਆਂ ਪਾਸੋਂ ਕੋਈ ਕਾਲਜ ਫ਼ੰਡ/ਫ਼ੀਸ ਨਹੀਂ ਲਈ ਜਾਂਦੀ ਜੋ ਕਿ ਕਾਲਜ ਦੀ ਆਮਦਨ ਹੋਵੇ।**

ਕਾਲਜ ਦੀ ਪ੍ਰਬੰਧਕ ਕਮੇਟੀ ਦੇ ਫ਼ੈਸਲੇ ਅਨੁਸਾਰ ਵਿਦਿਆਰਥੀਆਂ ਪਾਸੋਂ ਕੇਵਲ ਡੀ.ਪੀ.ਆਈ. (ਕਾਲਜਾਂ) ਪੰਜਾਬ, ਚੰਡੀਗੜ੍ਹ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਫੀਸਾਂ/ਫ਼ੰਡਜ਼ ਹੀ ਲਏ ਜਾਣਗੇ, ਜੋ ਕਿ ਪੰਜਾਬ ਸਰਕਾਰ ਦੇ ਖਜਾਨੇ ਅਤੇ ਯੂਨੀਵਰਸਿਟੀ ਵਿਚ ਜਮ੍ਹਾਂ ਕਰਵਾਏ ਜਾਂਦੇ ਹਨ, ਜਿਨ੍ਹਾਂ ਦੇ ਵੇਰਵੇ ਨਿਮਨ ਅਨੁਸਾਰ ਹਨ:

**ਸਲਾਨਾ ਫ਼ੀਸ ਅਤੇ ਫ਼ੰਡਜ਼ (ਡੀ.ਪੀ.ਆਈ. (ਕਾਲਜਾਂ) ਪੰਜਾਬ, ਚੰਡੀਗੜ੍ਹ)**

| | | |
|---|---|---|
| 1. | ਦਾਖ਼ਲਾ ਫ਼ੀਸ | 50/- ਰੁਪਏ |
| 2. | ਟਿਊਸ਼ਨ ਫ਼ੀਸ | 450/- ਰੁਪਏ |
| 3. | ਫ਼ਿਜ਼ੀਕਲ ਐਜੂਕੇਸ਼ਨ ਡਿਵੈਲਪਮੈਂਟ ਫੀਸ | 75/- ਰੁਪਏ |
| 4. | ਉਚੇਰੀ ਸਿਖਿਆ ਫੰਡ | 25/- ਰੁਪਏ |

**ਸਲਾਨਾ ਫ਼ੀਸ ਅਤੇ ਫ਼ੰਡਜ਼ (ਪੰਜਾਬੀ ਯੂਨੀਵਰਸਿਟੀ, ਪਟਿਆਲਾ)**

| | | |
|---|---|---|
| 1. | ਰਜਿਸਟ੍ਰੇਸ਼ਨ ਫ਼ੀਸ | 880/- ਰੁਪਏ |
| 2. | ਨਿਰੰਤਰਤਾ ਫ਼ੀਸ | 330/- ਰੁਪਏ |
| 3. | ਯੂਨੀਵਰਸਿਟੀ ਸਪੋਰਟਸ ਫ਼ੀਸ | 550/- ਰੁਪਏ |
| 4. | ਪੰਜਾਬ ਸਟੇਟ ਸਪੋਰਟਸ ਕੌਂਸਿਲ ਫ਼ੀਸ | 30/- ਰੁਪਏ |
| 5. | ਯੂਥ ਵੈਲਫੇਅਰ ਫ਼ੀਸ | 110/- ਰੁਪਏ |
| 6. | ਐਨ.ਐਸ.ਐਸ. ਫ਼ੀਸ | 90/- ਰੁਪਏ |
| 7. | ਕਾਲਜ ਡਿਵੈਲਪਮੈਂਟ ਫ਼ੀਸ | 140/- ਰੁਪਏ |
| 8. | ਯੂਨੀਵਰਸਿਟੀ ਸਪੋਰਟਸ ਹੋਸਟਲ ਫ਼ੀਸ | 220/- ਰੁਪਏ |
| 9. | ਬਲਾਕ ਐਂਟਰੀ ਸਪੋਰਟਸ ਫ਼ੀਸ | 60/- ਰੁਪਏ |
| 10. | ਪੰਜਾਬੀ ਭਾਸ਼ਾ ਵਿਕਾਸ ਫੰਡ | 90/- ਰੁਪਏ |
| 11. | ਸਪੋਰਟਸ Infrastructure ਫੰਡ | 220/- ਰੁਪਏ |
| 12. | ਸਪੋਰਟਸ ਵਿੰਗ ਫ਼ੀਸ | 110/- ਰੁਪਏ |
| 13. | ਇੰਫਰਾਸਟ੍ਰਕਚਰ ਫੰਡ | 110/- ਰੁਪਏ |

ਉਪਰੋਕਤ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਪ੍ਰੀਖਿਆ ਪਾਸ ਕਰਕੇ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਤੋਂ 170/- ਰੁਪਏ ਮਾਈਗ੍ਰੇਸ਼ਨ ਫੀਸ, 880/- ਰੁਪਏ ਸਰਟੀਫਿਕੇਟ ਪੜਤਾਲ ਫ਼ੀਸ ਲਈ ਜਾਵੇਗੀ।

**Note:- ਫ਼ੀਸਾਂ/ਫੰਡਜ਼ ਵਿਚ ਤਬਦੀਲੀ ਪੰਜਾਬੀ ਯੂਨੀਵਰਸਿਟੀ, ਪਟਿਆਲਾ/ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ। ਦਿੱਤੇ ਵੇਰਵੇ ਵਿਚ ਸੈਸ਼ਨ ਦੌਰਾਨ ਕੋਈ ਤਬਦੀਲੀ ਕਰਨੀ ਪਵੇ ਤਾਂ ਕੀਤੀ ਜਾ ਸਕਦੀ ਹੈ।**

**ਸਿਕਉਰਟੀਆਂ (ਵਾਪਸੀ ਯੋਗ)**

| | |
|---|---|
| ਹੋਸਟਲ, ਮੈਸ, ਲਾਇਬ੍ਰੇਰੀ ਸਿਕਉਰਟੀ (ਲੜਕਿਆਂ ਲਈ) | 2000/- ਰੁਪਏ |
| ਲਾਇਬ੍ਰੇਰੀ ਸਿਕਉਰਟੀ (ਲੜਕੀਆਂ ਲਈ) | 1000/- ਰੁਪਏ |

ਲਾਇਬ੍ਰੇਰੀ ਅਤੇ ਹੋਸਟਲ ਸਿਕਉਰਟੀ ਕਾਲਜ ਛੱਡਣ ਉਪਰੰਤ ਤਿੰਨ ਮਹੀਨੇ ਬਾਅਦ ਜਾਂ ਡੀਟੇਲ ਮਾਰਕਸ/ ਡਿਗਰੀ ਪ੍ਰਾਪਤ ਕਰਨ ਸਮੇਂ ਵਾਪਸ ਕੀਤੀ ਜਾਵੇਗੀ।

**ਕਾਲਜ ਫ਼ੀਸਾਂ ਅਤੇ ਫ਼ੰਡਜ਼ ਸੰਬੰਧੀ ਨਿਯਮ:**

1. ਹਰ ਵਿਦਿਆਰਥੀ ਨੂੰ ਦਾਖ਼ਲ ਹੋਣ ਸਮੇਂ ਡੀ.ਪੀ.ਆਈ. (ਕਾਲਜਾਂ) ਪੰਜਾਬ, ਚੰਡੀਗੜ੍ਹ ਅਤੇ ਯੂਨੀਵਰਸਿਟੀ ਦੇ ਫ਼ੀਸ/ਫ਼ੰਡਜ਼, ਸਿਕਉਰਟੀ ਦਾਖ਼ਲੇ ਸਮੇਂ ਜਮ੍ਹਾਂ ਕਰਾਉਣੇ ਹੋਣਗੇ।
2. ਯੂਨੀਵਰਸਿਟੀ ਪ੍ਰੀਖਿਆ ਫ਼ੀਸ ਕਾਲਜ ਦਫ਼ਤਰ ਵਲੋਂ ਨਿਰਧਾਰਿਤ ਮਿਤੀਆਂ ਅਨੁਸਾਰ ਫ਼ਾਰਮ ਪ੍ਰਾਪਤ ਕਰਨ ਸਮੇਂ ਜਮ੍ਹਾ ਕਰਾਉਣੀ ਹੋਵੇਗੀ।
3. ਐਮ.ਏ. ਭਾਗ ਦੂਜਾ, ਸਮੈਸਟਰ ਤੀਜਾ ਦੇ ਵਿਦਿਆਰਥੀ ਸਲਾਨਾ ਫੀਸ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਸਮਾਂ ਸੂਚੀ ਅਨੁਸਾਰ ਭਰਨਗੇ। ਨਿਸ਼ਚਿਤ ਮਿਤੀ ਤੋਂ ਪੰਦਰਾਂ ਦਿਨਾਂ ਤਕ ਫੀਸ ਜਮ੍ਹਾਂ ਨਾ ਕਰਾਉਣ ਤੇ ਵਿਦਿਆਰਥੀ ਦਾ ਨਾਮ ਬਿਨਾਂ ਨੋਟਿਸ ਕੱਟ ਦਿੱਤਾ ਜਾਵੇਗਾ।
4. ਦੇਰ ਨਾਲ ਦਾਖ਼ਲਾ ਅਤੇ ਮੁੜ ਦਾਖ਼ਲਾ ਫ਼ੀਸ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਹੋਵੇਗੀ।
5. **ਫ਼ੀਸਾਂ/ਫੰਡਜ਼ ਵਿਚ ਤਬਦੀਲੀ ਪੰਜਾਬੀ ਯੂਨੀਵਰਸਿਟੀ, ਪਟਿਆਲਾ/ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ। ਦਿੱਤੇ ਵੇਰਵੇ ਵਿਚ ਕੋਈ ਤਬਦੀਲੀ ਕਰਨੀ ਪਵੇ ਤਾਂ ਕੀਤੀ ਜਾ ਸਕਦੀ ਹੈ।**
6. ਗੁੰਮ ਹੋਏ ਪਹਿਲੇ ਸ਼ਨਾਖਤੀ ਕਾਰਡ ਦੇ ਬਦਲੇ ਡੁਪਲੀਕੇਟ ਸ਼ਨਾਖਤੀ ਕਾਰਡ ਗੁੰਮ ਹੋਣ ਸੰਬੰਧੀ ਪੁਲਿਸ ਥਾਣੇ ਵਿਚ ਕੀਤੀ ਰਿਪੋਰਟ ਦੀ ਤਸਦੀਕ ਸ਼ੁਦਾ ਕਾਪੀ ਦੇਣ ਉਪਰੰਤ ਤੇ ਹੀ ਫ਼ੀਸ ਲੈ ਕੇ ਜਾਰੀ ਕੀਤਾ ਜਾਵੇਗਾ।
7. **ਇਕ ਵਾਰੀ ਜਮ੍ਹਾ ਕਰਾਈ ਫ਼ੀਸ ਕਿਸੇ ਵੀ ਹਾਲਤ ਵਿਚ ਵਾਪਸ ਨਹੀਂ ਕੀਤੀ ਜਾਵੇਗੀ।**

**ਦਾਖ਼ਲੇ ਸੰਬੰਧੀ ਨਿਯਮ:**

1. ਕਿਸੇ ਵੀ ਵਿਦਿਆਰਥੀ ਨੂੰ ਬਿਨਾਂ ਕੋਈ ਕਾਰਣ ਦੱਸੇ ਕਾਲਜ ਪ੍ਰਿੰਸੀਪਲ ਵਲੋਂ ਦਾਖ਼ਲੇ ਦੀ ਮਨਾਹੀ ਕੀਤੀ ਜਾ ਸਕਦੀ ਹੈ।
2. ਐਮ.ਏ. ਭਾਗ ਪਹਿਲਾ ਵਿਚ ਦਾਖ਼ਲ ਹੋਣ ਵਾਲੇ ਵਿਦਿਆਰਥੀ ਫ਼ੀਸ ਜਮ੍ਹਾ ਕਰਾਉਣ ਸਮੇਂ ਬੀ.ਏ. ਭਾਗ ਤੀਜਾ ਦੀ ਪਿਛਲੇ ਰਿਜ਼ਿਲਟ ਦੀ ਡਿਟੇਲ ਮਾਰਕਸ ਅਤੇ ਆਚਰਣ ਸਰਟੀਫਿਕੇਟ ਦਾਖ਼ਲਾ ਫਾਰਮ ਨਾਲ ਜਮ੍ਹਾ ਕਰਾਉਣਗੇ। ਐਮ.ਏ. ਭਾਗ ਦੂਜਾ ਵਿਚ ਦਾਖ਼ਲਾ ਲੈਣ ਵਾਲੇ ਵਿਦਿਆਰਥੀ ਐਮ.ਏ. ਭਾਗ ਪਹਿਲਾ ਦੀ ਡਿਟੇਲ ਮਾਰਕਸ ਦੀ ਫੋਟੋ ਕਾਪੀ ਦਾਖ਼ਲਾ ਫਾਰਮ ਨਾਲ ਲਗਾਉਣਗੇ।
3. ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਦਾਖ਼ਲਾ ਲੈਣ ਵਾਲੇ ਵਿਦਿਆਰਥੀ ਦਾਖ਼ਲਾ ਲੈਣ ਉਪਰੰਤ ਇਕ ਮਹੀਨੇ ਦੇ ਅੰਦਰ-ਅੰਦਰ ਮਾਈਗ੍ਰੇਸ਼ਨ ਸਰਟੀਫਿਕੇਟ ਦਫ਼ਤਰ ਵਿਚ ਆਪਣੇ ਆਪ ਜਮ੍ਹਾ ਕਰਾਉਣਗੇ। ਕਾਲਜ ਦਫ਼ਤਰ ਵਲੋਂ ਇਸ ਸੰਬੰਧੀ ਕੋਈ ਨੋਟਿਸ ਨਹੀਂ ਕਢਿਆ ਜਾਵੇਗਾ। ਇਸ ਸੰਬੰਧੀ ਕਿਸੇ ਵੀ ਜੁਰਮਾਨੇ ਆਦਿ ਲਈ ਵਿਦਿਆਰਥੀ ਖ਼ੁਦ ਜਿੰਮੇਵਾਰ ਹੋਵੇਗਾ।
4. ਝੂਠਾ ਜਾਂ ਗਲਤ ਬਿਆਨ ਦੇ ਕੇ ਦਾਖ਼ਲਾ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਦਾ ਦਾਖ਼ਲਾ ਰੱਦ ਕੀਤਾ ਜਾਵੇਗਾ।
5. ਦਾਖਲੇ ਉਪਰੰਤ ਜੇਕਰ ਕੋਈ ਵਿਦਿਆਰਥੀ ਡਿਸਟੈਂਸ ਐਜੂਕੇਸ਼ਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਰਾਹੀਂ ਕੋਰਸ/ਡਿਗਰੀ ਕਰਨਾ ਚਾਹੁੰਦਾ ਹੈ ਤਾਂ ਉਹ ਕਾਲਜ ਪਾਸੋਂ ਕੋਈ ਇਤਰਾਜ਼ ਨਹੀਂ ਸਰਟੀਫਿਕੇਟ ਲੈਣ ਉਪਰੰਤ ਹੀ ਦਾਖਲਾ ਲੈ ਸਕਦਾ ਹੈ।
6. ਵਿਦਿਆਰਥੀ ਆਪਣੇ ਦਾਖਲਾ ਫਾਰਮ ’ਤੇ ਸਪਸ਼ਟ ਤੌਰ ’ਤੇ ਲਿਖਣ ਉਹ ਨਿਮਨਲਿਖਤ ਕਿਸ ਕੈਟਾਗਿਰੀ ਅਧੀਨ ਸਮਝਿਆ ਜਾਵੇਗਾ।

   ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਕਾਲਜ ਵਿਚ ਸਾਲ 2023-24 ਦੇ ਸੈਸ਼ਨ ਲਈ ਹੇਠ ਲਿਖੇ

ਅਨੁਸਾਰ ਸੀਟਾਂ ਰਾਖਵੀਆਂ ਹੋਣਗੀਆਂ:

| | | |
|---|---|---|
| 1. | ਅਨੁਸੂਚਿਤ ਜਾਤੀਆਂ/ਕਬੀਲਿਆਂ ਲਈ | 25% |
| 2. | ਪੱਛੜੀਆਂ ਸ਼੍ਰੇਣੀਆਂ ਲਈ | 10% |
| 3. | ਆਰਮਡ ਫੋਰਸਿਜ਼/ਸੀ.ਆਰ.ਪੀ.ਐਫ./ਪੰਜਾਬ ਪੁਲਿਸ ਵਿਚ ਕੰਮ ਕਰ ਰਹੇ/ਸੇਵਾ ਮੁਕਤ/ ਸੇਵਾ ਦੌਰਾਨ ਮਾਰੇ ਗਏ ਜਾਂ ਅਪੰਗ ਹੋਏ ਕਰਮਚਾਰੀਆਂ ਦੇ ਬੱਚਿਆਂ ਲਈ | 2% |
| 4. | ਖਿਡਾਰੀਆਂ ਲਈ | 2% |
| 5. | ਅਧਿਆਪਕਾਂ/ਸਿੱਖਿਆ ਵਿਭਾਗ ਦੇ ਕਰਮਚਾਰੀਆਂ ਦੇ ਬੱਚਿਆਂ ਲਈ | 2% |
| 6. | ਖਾੜਕੂਆਂ ਹਥੋਂ/ਸੁਰੱਖਿਆ ਬਲਾਂ ਦੀਆਂ ਕਾਰਵਾਈਆਂ ਦੌਰਾਨ ਮਾਰੇ ਗਏ ਅਤੇ 100% ਨਕਾਰਾ ਹੋਏ ਵਿਅਕਤੀਆਂ, ਸਿੱਖ, ਪ੍ਰਵਾਸੀ/ਅੰਦਰੂਨੀ ਪ੍ਰਵਾਸੀ ਅਤੇ ਬਾਹਰੀ ਪ੍ਰਵਾਸੀ ਪਰਿਵਾਰਾਂ ਦੇ ਬੱਚਿਆਂ ਲਈ | 2% |
| 7. | ਫਰੀਡਮ ਫਾਈਟਰ/ਪੁਲਿਟੀਕਲ ਸਫਰਰ ਦੇ ਬੱਚਿਆਂ ਲਈ | 2% |
| 8. | ਅਪੰਗ ਵਿਅਕਤੀਆਂ ਲਈ | |
| | (i) ਨੇਤਰਹੀਣ ਤੇ ਘੱਟ ਨਜ਼ਰ ਵਾਲੇ | 1% |
| | (ii) ਗੁੰਗੇ ਤੇ ਬੋਲੇ | 1% |
| | (iii) ਸਰੀਰਕ ਤੌਰ ਤੇ ਅੰਗਹੀਣ ਵਿਅਕਤੀ | 1% |

ਇਹ ਰਾਖਵਾਂਕਰਣ ਅਪੰਗ ਵਿਅਕਤੀਆਂ ਦੀਆਂ ਉਕਤ ਸ਼੍ਰੇਣੀਆਂ ਵਿਚ ਤਬਾਦਲੇ ਯੋਗ ਹੋਵੇਗਾ। ਜੇਕਰ ਉਪਰੋਕਤ ਨਿਰਧਾਰਤ ਰਾਖਵੀਆਂ ਸ਼੍ਰੇਣੀਆਂ ਅਧੀਨ ਵਿਦਿਆਰਥੀ ਉਪਲਬੱਧ ਨਹੀਂ ਹੋਣਗੇ ਤਾਂ ਇਹ ਸੀਟਾਂ ਜਨਰਲ ਸ਼੍ਰੇਣੀ ਦੇ ਵਿਦਿਆਰਥੀਆਂ ਦੁਆਰਾ ਭਰ ਲਈਆਂ ਜਾਣਗੀਆਂ। ਰਾਖਵੇਂਕਰਣ ਸਬੰਧੀ ਸਮੇਂ-ਸਮੇਂ ਕੀਤੀਆਂ ਤਬਦੀਲੀਆਂ ਨੂੰ ਲਾਗੂ ਕੀਤਾ ਜਾਵੇਗਾ।

**ਕਾਲਜ ਡਰੈਸ:**

ਕੋਈ ਵੀ ਵਿਦਿਆਰਥੀ ਕਾਲਜ ਸਮੇਂ ਸਵੇਰੇ ਨੌਂ ਵਜੇ ਤੋਂ ਚਾਰ ਵਜੇ ਤਕ ਕਾਲਜ ਬਿਲਡਿੰਗ ਭਾਵ ਕਲਾਸ ਰੂਮਜ਼, ਲਾਇਬ੍ਰੇਰੀ ਅਤੇ ਦਫ਼ਤਰ ਵਿਚ ਠੀਕ ਪਹਿਰਾਵੇ ਤੋਂ ਬਿਨਾਂ ਨਹੀਂ ਆਵੇਗਾ। ਜੇਕਰ ਕੋਈ ਵਿਦਿਆਰਥੀ ਕੁੜਤਾ-ਪਜਾਮਾ, ਚੱਪਲ ਅਤੇ ਛੋਟਾ ਪੱਟਕਾ/ਕੇਸਕੀ ਆਦਿ ਬੰਨ੍ਹ ਕੇ ਆਉਂਦਾ ਹੈ ਤਾਂ ਜੁਰਮਾਨੇ ਤੋਂ ਇਲਾਵਾ ਉਸ ਦੀ ਸਾਰੇ ਦਿਨ ਦੀ ਗ਼ੈਰ-ਹਾਜਰੀ ਲਗਾਈ ਜਾਵੇਗੀ। ਹਰ ਵਿਦਿਆਰਥੀ ਲਈ ਕਾਲਜ ਵਿਚ ਸਮਾਗਮਾਂ ਸਮੇਂ ਦੌਰਾਨ ਨੀਲੀ ਪੈਂਟ, ਚਿੱਟੀ ਕਮੀਜ਼ ਅਤੇ ਨੀਲੀ ਦਸਤਾਰ ਪਹਿਨਣੀ ਜ਼ਰੂਰੀ ਹੋਵੇਗੀ। ਵਿਦਿਆਰਥਣਾਂ ਲਈ ਚਿੱਟੀ ਸਲਵਾਰ-ਚਿੱਟੀ ਕਮੀਜ ਅਤੇ ਨੀਲਾ ਦੁਪੱਟਾ ਪਹਿਨਣਾ ਜਰੂਰੀ ਹੋਵੇਗਾ।

**ਮੋਬਾਇਲ ਫੋਨ ਤੇ ਪਾਬੰਦੀ:**

**ਵਿਦਿਆਰਥੀਆਂ ਨੂੰ ਕਾਲਜ ਸਮੇਂ ਦੌਰਾਨ ਆਪਣੇ ਕੋਲ ਮੋਬਾਇਲ ਫੋਨ ਰੱਖਣ ਦੀ ਇਜ਼ਾਜਤ ਨਹੀਂ ਹੋਵੇਗੀ। ਮੋਬਾਇਲ ਫੋਨ ਫੜੇ ਜਾਣ ਤੇ ਜ਼ਬਤ ਕਰ ਲਿਆ ਜਾਵੇਗਾ। ਇਸ ਸੰਬੰਧੀ ਵਿਦਿਆਰਥੀ ਨੂੰ ਭਾਰੀ ਜੁਰਮਾਨਾ ਕੀਤਾ ਜਾ ਸਕਦਾ ਹੈ।**

**ਕਾਲਜ ਦੀਆਂ ਹਾਜ਼ਰੀਆਂ ਤੇ ਪੁਨਰ ਦਾਖ਼ਲਾ:**

**ਕਥਾ/ਲੈਕਚਰ/ਗੁਰਮਤਿ ਸੰਗੀਤ ਦੇ ਪ੍ਰੈਕਟੀਕਲ ਪੇਪਰ ਵਿਚ ਪਹਿਲੇ ਸਮੈਸਟਰ ਤੋਂ ਹੀ ਹਾਜ਼ਰੀਆਂ ਗਿਣੀਆਂ ਜਾਣਗੀਆਂ)**

ਜਿਹੜਾ ਵਿਦਿਆਰਥੀ ਫ਼ੀਸ ਜਮ੍ਹਾ ਕਰਾਉਣ ਉਪਰੰਤ ਲਗਾਤਾਰ 15 ਦਿਨ ਤਕ ਕਾਲਜ ਤੋਂ ਗ਼ੈਰ-ਹਾਜਰ

ਰਹਿੰਦਾ ਹੈ ਉਸ ਦਾ ਨਾਂ ਕੱਟ ਦਿੱਤਾ ਜਾਵੇਗਾ ਅਤੇ ਅਜਿਹਾ ਵਿਦਿਆਰਥੀ ਜੇਕਰ ਨਾਂ ਕੱਟਣ ਦੀ ਮਿਤੀ ਤੋਂ ਇਕ ਹਫਤੇ ਦੇ ਅੰਦਰ-ਅੰਦਰ ਮੁੜ ਦਾਖ਼ਲੇ ਲਈ ਬੇਨਤੀ ਕਰਦਾ ਹੈ ਤਾਂ ਉਸ ਨੂੰ ਯੂਨੀਵਰਸਿਟੀ ਨਿਯਮਾਂ ਅਨੁਸਾਰ ਮੁੜ ਦਾਖ਼ਲਾ ਦਿੱਤਾ ਜਾ ਸਕਦਾ ਹੈ। ਤਿੰਨ ਹਫ਼ਤੇ ਤੋਂ ਬਾਅਦ ਕਿਸੇ ਤਰ੍ਹਾਂ ਵੀ ਮੁੜ ਦਾਖ਼ਲੇ ਦੀ ਬੇਨਤੀ ਨੂੰ ਪ੍ਰਵਾਨ ਨਹੀਂ ਕੀਤਾ ਜਾਵੇਗਾ। ਜਿਹੜਾ ਵਿਦਿਆਰਥੀ ਅਕਾਦਮਿਕ ਸੈਸ਼ਨ ਦੌਰਾਨ ਲਗਾਤਾਰ 10 ਦਿਨ ਗ਼ੈਰ-ਹਾਜਰ ਰਹਿੰਦਾ ਹੈ, ਉਸ ਦਾ ਨਾਂ ਕੱਟ ਦਿੱਤਾ ਜਾਵੇਗਾ। ਜੇ ਵਿਦਿਆਰਥੀ ਦਾ ਨਾਂ ਕੱਟਣ ਦੀ ਮਿਤੀ ਤੋਂ ਇਕ ਹਫਤੇ ਦੇ ਅੰਦਰ-ਅੰਦਰ ਪੁਨਰ ਦਾਖ਼ਲੇ ਲਈ ਬਿਨੈ-ਪੱਤਰ ਨਹੀਂ ਦੇਵੇਗਾ, ਉਸ ਨੂੰ ਦਾਖ਼ਲਾ ਨਹੀਂ ਦਿੱਤਾ ਜਾਵੇਗਾ।

**ਕਾਲਜ ਮੈਗਜ਼ੀਨ :**

ਕਾਲਜ ਪੱਤ੍ਰਿਕਾ ''ਸਹਿਜ'' ਸਲਾਨਾ ਪੱਤ੍ਰਿਕਾ ਹੈ। ਇਸ ਵਿਚ ਪੰਜਾਬੀ ਤੇ ਅੰਗ੍ਰੇਜ਼ੀ ਦੇ ਦੋ ਭਾਗ ਹਨ। ਜਿਸ ਵਿਚ ਵਿਦਿਆਰਥੀਆਂ ਅਤੇ ਸਟਾਫ਼ ਦੀਆਂ ਰਚਨਾਵਾਂ ਪ੍ਰਕਾਸ਼ਿਤ ਹੁੰਦੀਆਂ ਹਨ। ਇਸ ਵਿਚ ਕਾਲਜ ਦੀਆਂ ਵਿਸ਼ੇਸ਼ ਪ੍ਰਾਪਤੀਆਂ ਅਤੇ ਕਾਲਜ ਦੀਆਂ ਗਤੀਵਿਧੀਆਂ ਦਾ ਵੇਰਵਾ ਤਸਵੀਰਾਂ ਸਹਿਤ ਅੰਕਿਤ ਕੀਤਾ ਜਾਂਦਾ ਹੈ। ਇਸ ਦੇ ਸੰਪਾਦਕੀ ਮੰਡਲ ਵਿਚ ਸਟਾਫ਼ ਤੇ ਵਿਦਿਆਰਥੀ ਸ਼ਾਮਲ ਹੁੰਦੇ ਹਨ।

**ਕਾਲਜ ਲਾਇਬ੍ਰੇਰੀ ਦੇ ਨਿਯਮ:**

1. ਵਿਦਿਆਰਥੀਆਂ ਦੀ ਸਹੂਲਤ ਲਈ ਕਾਲਜ ਲਾਇਬ੍ਰੇਰੀ ਕੰਪਿਊਟਰਾਇਜ਼ਡ ਕੀਤੀ ਹੋਈ ਹੈ।
2. ਖੋਜਾਰਥੀਆਂ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ ਲਾਇਬਰੇਰੀ ਨੂੰ ਡਿਜੀਟਲਾਇਜ਼ਡ ਕਰਨ ਦਾ ਕੰਮ ਚਲ ਰਿਹਾ ਹੈ।
3. ਕਾਲਜ ਲਾਇਬ੍ਰੇਰੀ ਨਿਸ਼ਚਿਤ ਛੁਟੀਆਂ ਤੋਂ ਇਲਾਵਾ ਹਫ਼ਤੇ ਦੇ ਬਾਕੀ ਦਿਨ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤਕ ਖੁੱਲ੍ਹੀ ਰਹਿੰਦੀ ਹੈ।
4. ਵਿਦਿਆਰਥੀਆਂ ਨੂੰ 15 ਦਿਨਾਂ ਲਈ 6 ਪੁਸਤਕਾਂ ਜਾਰੀ ਕੀਤੀਆਂ ਜਾਂਦੀਆਂ ਹਨ। ਪੁਸਤਕਾਂ ਨਿਰਧਾਰਤ ਸਮੇਂ ਅਨੁਸਾਰ ਵਾਪਸ ਤੇ ਜਾਰੀ ਕੀਤੀਆਂ ਜਾਂਦੀਆਂ ਹਨ।
5. ਪੁਸਤਕਾਂ ਮੋੜਨ ਦੀ ਮਿਤੀ ਲੰਘਣ ਤੋਂ ਪਿਛੋਂ ਵਿਦਿਆਰਥੀ ਨੂੰ ਪ੍ਰਤੀ ਪੁਸਤਕ ਪ੍ਰਤੀ ਦਿਨ ਇਕ ਰੁਪਇਆ ਜੁਰਮਾਨਾ ਲਗਾਇਆ ਜਾਵੇਗਾ ਅਤੇ ਕੋਈ ਨਵੀਂ ਪੁਸਤਕ ਜਾਰੀ ਨਹੀਂ ਕੀਤੀ ਜਾਵੇਗੀ।
6. ਕਿਤਾਬਾਂ ਦੇ ਗੁੰਮ ਜਾਂ ਖ਼ਰਾਬ ਹੋਣ ਦੀ ਸੂਰਤ ਵਿਚ ਵਿਦਿਆਰਥੀਆਂ ਵਲੋਂ ਨਵੀਂ ਪੁਸਤਕ ਜਾਂ ਕੀਮਤ ਜੁਰਮਾਨੇ ਸਮੇਤ ਦੇਣੀ ਹੋਵੇਗੀ।
7. ਲਾਇਬਰੇਰੀ ਵਿੱਚ ਸੁਖਾਵਾਂ ਵਾਤਾਵਰਨ ਬਣਾਈ ਰੱਖਣ ਲਈ ਏ.ਸੀ. ਅਤੇ ਪਰਦੇ ਲੱਗੇ ਹੋਏ ਹਨ।
8. ਹਵਾਲਾ ਪੁਸਤਕ ਦਾ ਅਧਿਐਨ ਕੇਵਲ ਲਾਇਬ੍ਰੇਰੀ ਵਿਚ ਹੀ ਕੀਤਾ ਜਾ ਸਕਦਾ ਹੈ। ਹਵਾਲਾ ਪੁਸਤਕ ਦੇ ਗੁੰਮ/ਖ਼ਰਾਬ ਕਰਨ ਵਾਲੇ ਵਿਦਿਆਰਥੀਆਂ ਤੋਂ ਪੁਸਤਕ ਬਦਲੇ ਪੁਸਤਕ ਲਈ ਜਾਵੇਗੀ। ਜੇਕਰ ਇਹ ਪੁਸਤਕ ਕਿਸੇ ਸੈਟ ਦਾ ਭਾਗ ਹੋਵੇ ਤਾਂ ਪੂਰਾ ਸੈਟ ਜੁਰਮਾਨੇ ਸਮੇਤ ਵਿਦਿਆਰਥੀ ਤੋਂ ਲਿਆ ਜਾਵੇਗਾ।
9. ਲੋੜਵੰਦ ਅਤੇ ਯੋਗ ਵਿਦਿਆਰਥੀਆਂ ਲਈ ਕਾਲਜ ਵਿਚ ਸਾਲ 2005-06 ਤੋਂ ਬੁੱਕ ਕਲੱਬ ਦੀ ਸੁਵਿਧਾ ਪ੍ਰਦਾਨ ਕੀਤੀ ਗਈ ਹੈ, ਜਿਸ ਰਾਹੀਂ ਵਿਦਿਆਰਥੀਆਂ ਨੂੰ ਪੂਰੇ ਸਮੈਸਟਰ ਲਈ ਸਿਲੇਬਸ ਨਾਲ ਸੰਬੰਧਿਤ ਪੁਸਤਕਾਂ ਉਪਲੱਬਧਤਾ ਦੇ ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ। ਯੂਨੀਵਰਸਿਟੀ ਪ੍ਰੀਖਿਆ ਤੋਂ ਪਹਿਲਾਂ ਇਹ ਪੁਸਤਕਾਂ ਵਿਦਿਆਰਥੀ ਨੂੰ ਲਾਇਬ੍ਰੇਰੀ ਵਿਚ ਵਾਪਸ ਜਮ੍ਹਾ ਕਰਾਉਣੀਆਂ ਹੋਣਗੀਆਂ। ਪੁਸਤਕਾਂ ਦੇ ਕਿਸੇ ਵੀ ਕਿਸਮ ਦੇ ਨੁਕਸਾਨ ਤੇ ਲਾਇਬ੍ਰੇਰੀ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

**ਵਿਦਿਆਰਥੀ ਸਭਾਵਾਂ, ਯੁਵਕ ਸਰਗਰਮੀਆਂ ਅਤੇ ਕਾਲਜ ਸਮਾਗਮ:**

ਵਿਦਿਆਰਥੀਆਂ ਦੇ ਵਿਅਕਤਿਤਵ ਦੇ ਸਮਾਜਕ ਪੱਖ ਨੂੰ ਵਿਕਸਿਤ ਕਰਨ ਲਈ, ਵਾਧੂ ਸਮੇਂ ਦੇ ਉਪਯੋਗ ਲਈ ਅਤੇ ਉਹਨਾਂ ਦੀ ਅੰਦਰੂਨੀ ਸ਼ਕਤੀ ਨੂੰ ਸਿਹਤਮੰਦ ਰੂਪ ਵਿਚ ਬਦਲਣ ਲਈ ਕਾਲਜ ਵਿਚ ਸਭਿਆਚਾਰਕ ਸਰਗਰਮੀਆਂ 'ਤੇ ਜੋਰ ਦਿੱਤਾ ਜਾਂਦਾ ਹੈ। ਕਾਲਜ ਵਿਚ ਕਰਵਾਈਆਂ ਜਾਣ ਵਾਲੀਆਂ ਸਰਗਰਮੀਆਂ ਦਾ ਵੇਰਵਾ ਨਿਮਨ ਅਨੁਸਾਰ ਹੈ:

1. ਕਾਲਜ ਵਿਚ ਵੱਖ-ਵੱਖ ਵਿਸ਼ਿਆਂ ਉਤੇ ਟਾਈਮ ਟੇਬਲ ਅਨੁਸਾਰ ਸੈਮੀਨਾਰ ਪੀਰੀਅਡ ਦੌਰਾਨ ਚਰਚਾ ਕੀਤੀ ਜਾਂਦੀ ਹੈ। ਸੰਬੰਧਿਤ ਵਿਸ਼ੇ 'ਤੇ ਪੇਪਰ ਪੜੇ ਜਾਂਦੇ ਹਨ, ਜਿਸ ਤੇ ਖੁੱਲ੍ਹੀ ਚਰਚਾ ਕੀਤੀ ਜਾਂਦੀ ਹੈ।
2. ਸਿਲੇਬਸ ਅਤੇ ਹੋਰ ਸੰਬੰਧਿਤ ਵਿਸ਼ਿਆਂ 'ਤੇ ਸਤਿਕਾਰਤ ਵਿਦਵਾਨਾਂ ਦੇ ਐਕਸਟੈਂਸ਼ਨ ਲੈਕਚਰ ਕਰਵਾਏ ਜਾਂਦੇ ਹਨ।
3. ਵਿਦਿਆਰਥੀਆਂ ਨੂੰ ਬਾਹਰਲੇ ਕਾਲਜਾਂ, ਯੂਨੀਵਰਸਿਟੀਆਂ ਅਤੇ ਸੰਸਥਾਵਾਂ ਵਿਚ ਧਾਰਮਿਕ, ਸਮਾਜਿਕ, ਸਭਿਆਚਾਰਕ ਗਤੀਵਿਧੀਆਂ ਵਿਚ ਭਾਗ ਲੈਣ ਲਈ ਤਿਆਰ ਕਰਕੇ ਭੇਜਿਆ ਜਾਂਦਾ ਹੈ।
4. ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਰਹਿਨੁਮਾਈ ਅਧੀਨ ਕਾਲਜ ਵਿੱਚ ਐਨ.ਐਸ.ਐਸ. ਦਾ ਯੂਨਿਟ ਸਥਾਪਿਤ ਹੈ ਜੋ ਸੁਚਾਰੂ ਢੰਗ ਨਾਲ ਚਲ ਰਿਹਾ ਹੈ। ਹਰ ਵਿਦਿਆਰਥੀ ਲਈ ਇਸ ਗਤੀਵਿਧੀ ਦਾ ਮੈਂਬਰ ਹੋਣਾ ਲਾਜ਼ਮੀ ਹੈ।
5. ਵਿਦਿਆਰਥੀਆਂ ਵਿੱਚ ਆਪਣੇ ਧਰਮ ਸਭਿਆਚਾਰਕ ਅਤੇ ਵਿਰਸੇ ਪ੍ਰਤੀ ਜਾਗਰੂਕ ਕਰਨ ਲਈ ਗੁਰਮਤਿ ਸਿੱਖਿਆ ਕੈਂਪ ਲਗਾਏ ਜਾਂਦੇ ਹਨ।
6. ਵਿਦਿਆਰਥੀਆਂ ਨੂੰ ਆਪਣੇ ਧਾਰਮਿਕ ਅਸਥਾਨਾਂ ਅਤੇ ਇਤਿਹਾਸ ਨਾਲ ਜੋੜਨ ਲਈ ਧਾਰਮਿਕ ਅਤੇ ਵਿਦਿਅਕ ਟੂਰ 'ਤੇ ਲਿਜਾਇਆ ਜਾਂਦਾ ਹੈ।

**ਕਾਲਜ ਹੋਸਟਲ (ਕੇਵਲ ਲੜਕਿਆਂ ਲਈ):**

1. ਗੁਰਮਤਿ ਕਾਲਜ ਕੈਂਪਸ ਵਿਚ ਵਿਦਿਆਰਥੀਆਂ ਲਈ ਹੋਸਟਲ ਦਾ ਪ੍ਰਬੰਧ ਹੈ। ਵਿਦਿਆਰਥੀ ਦੇ ਬਿਨੈ-ਪੱਤਰ 'ਤੇ ਪ੍ਰਿੰਸੀਪਲ ਦੀ ਪ੍ਰਵਾਨਗੀ ਉਪਰੰਤ ਹੀ ਹੋਸਟਲ ਵਿਚ ਦਾਖ਼ਲਾ ਦਿੱਤਾ ਜਾਵੇਗਾ। ਹੋਸਟਲ ਦਾਖ਼ਲੇ ਲਈ ਬਿਨੈ-ਪੱਤਰ ਮੁਕੰਮਲ ਰੂਪ ਵਿਚ ਭਰ ਕੇ ਦਾਖ਼ਲਾ ਫ਼ਾਰਮ ਨਾਲ ਹੀ ਦਿੱਤਾ ਜਾਵੇ। ਹਰ ਵਿਦਿਆਰਥੀ ਦਾ ਹੋਸਟਲ ਵਿਚ ਰਹਿਣਾ ਜ਼ਰੂਰੀ ਹੈ।
2. **ਹੋਸਟਲ ਵਿਚੋਂ ਛੁੱਟੀ ਲੈ ਕੇ ਜਾਣ ਅਤੇ ਵਾਪਸ ਆਉਣ ਸਮੇਂ ਹਰ ਹੋਸਟਲਰ ਨੂੰ ''ਹੋਸਟਲ ਰਜਿਸਟਰ'' ਵਿਚ ਇੰਦਰਾਜ ਕਰਨਾ ਜ਼ਰੂਰੀ ਹੋਵੇਗਾ।**
3. ਹੋਸਟਲ ਵਿਚ ਵਿਦਿਆਰਥੀਆਂ ਨੂੰ ਬਿਜਲੀ ਦੇ ਕਿਸੇ ਵੀ ਕਿਸਮ ਦੇ ਹੀਟਰ, ਪ੍ਰੈਸ ਆਦਿ ਵਰਤਣ ਦੀ ਮਨਾਹੀ ਹੈ।
4. ਹਰ ਵਿਦਿਆਰਥੀ ਦੀ ਸਵੇਰੇ-ਸ਼ਾਮ ਗੁਰਦੁਆਰਾ ਸਾਹਿਬ ਵਿਚ ਪ੍ਰੋਗਰਾਮ ਅਨੁਸਾਰ ਹਾਜ਼ਰੀ ਜ਼ਰੂਰੀ ਹੈ। ਇਹ ਹਾਜਰੀ ਵਿਦਿਆਰਥੀ ਵਲੋਂ ਵਜ਼ੀਫ਼ਾ ਪ੍ਰਾਪਤ ਕਰਨ ਲਈ ਵੀ ਗਿਣੀ ਜਾਵੇਗੀ।
5. ਕਾਲਜ ਹੋਸਟਲ ਵਿਚ ਵਿਦਿਆਰਥੀ ਦੇ ਮਹਿਮਾਨ ਕੇਵਲ ਸੰਕਟ ਕਾਲ ਵਿਚ ਹੋਸਟਲ ਵਾਰਡਨ ਦੀ ਸਿਫ਼ਾਰਸ਼ ਤੇ ਪ੍ਰਿੰਸੀਪਲ ਦੀ ਲਿਖਤੀ ਆਗਿਆ ਨਾਲ ਇਕ ਦਿਨ ਲਈ ਗੈਸਟ ਰੂਮ ਵਿਚ ਠਹਿਰ ਸਕਦੇ ਹਨ। ਵਿਦਿਆਰਥੀ ਮਹਿਮਾਨ ਨੂੰ ਰਾਤ ਸਮੇਂ ਨਹੀਂ ਠਹਿਰਾਉਣਗੇ। ਅਜਿਹਾ ਕਰਨ ਦੀ ਸੂਰਤ ਵਿਚ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
6. ਹੋਸਟਲ ਵਿਚ ਰਹਿਣ ਵਾਲੇ ਵਿਦਿਆਰਥੀ ਦੀ ਹਰ ਰਾਤ 9.00 ਵਜੇ ਹਾਜਰੀ ਹੋਸਟਲ ਵਾਰਡਨ ਵਲੋਂ ਲਗਾਈ ਜਾਵੇਗੀ, ਜੋ ਪ੍ਰਿੰਸੀਪਲ ਵਲੋਂ ਕਿਸੇ ਵੀ ਸਮੇਂ ਬਿਨਾਂ ਅਗੇਤੀ ਸੂਚਨਾ ਦੇ ਚੈਕ ਕੀਤੀ ਜਾ ਸਕਦੀ ਹੈ। ਜੇ ਵਿਦਿਆਰਥੀ ਵਾਰਡਨ/ਪ੍ਰਿੰਸੀਪਲ ਦੀ ਲਿਖਤੀ ਆਗਿਆ ਬਿਨਾਂ ਹੋਸਟਲ ਵਿਚੋਂ ਰਾਤ ਨੂੰ ਗ਼ੈਰ-ਹਾਜਰ ਹੁੰਦਾ ਹੈ ਤਾਂ ਉਸ ਨੂੰ ਕਾਲਜ ਵਿਚੋਂ ਕੱਢ ਦਿੱਤਾ ਜਾਵੇਗਾ।

7. ਹੋਸਟਲ ਵਿਚ ਰਹਿਣ ਵਾਲੇ ਵਿਦਿਆਰਥੀ ਤੋਂ ਅਮਨ ਚੈਨ ਅਤੇ ਸੰਜਮ ਨਾਲ ਆਪਸ ਵਿਚ ਮਿੱਤਰਤਾ ਭਾਵ ਨਾਲ ਰਹਿਣ ਦੀ ਆਸ ਕੀਤੀ ਜਾਂਦੀ ਹੈ। ਵਿਦਿਆਰਥੀਆਂ ਨੂੰ ਐਸੇ ਕੰਮ ਨਹੀਂ ਕਰਨੇ ਚਾਹੀਦੇ ਜਿਨ੍ਹਾਂ ਨਾਲ ਦੂਜਿਆਂ ਦੀ ਪੜ੍ਹਾਈ ਅਤੇ ਸ਼ਾਂਤੀ ਵਿਚ ਵਿਘਨ ਪਵੇ। ਨਸ਼ੀਲੀਆਂ ਵਸਤੂਆਂ ਦੀ ਵਰਤੋਂ, ਗਾਤਰੇ ਦੀ ਪਹਿਨੀ ਕਿਰਪਾਨ ਤੋਂ ਬਿਨਾਂ ਹੋਰ ਕੋਈ ਵੀ ਹਥਿਆਰ ਰੱਖਣ, ਬਿਨਾਂ ਆਗਿਆ ਕੋਈ ਮੀਟਿੰਗ ਕਰਨ ਅਤੇ ਨੰਗੇ ਸਿਰ ਫਿਰਨ ਦੀ ਮਨਾਹੀ ਹੈ। ਹੋਸਟਲ ਦੇ ਕਮਰੇ ਤੋਂ ਬਾਹਰ ਠੀਕ ਪਹਿਰਾਵੇ ਵਿਚ ਹੀ ਨਿਕਲਿਆ ਜਾਵੇ।
8. ਹੋਸਟਲ ਵਾਰਡਨ ਦੀ ਆਗਿਆ ਬਿਨਾਂ ਕਮਰਾ ਆਪਸ ਵਿਚ ਤਬਦੀਲ ਨਹੀਂ ਕੀਤਾ ਜਾ ਸਕਦਾ।
9. ਵਿਦਿਆਰਥੀ ਨੂੰ ਹੋਸਟਲ ਦਾ ਕਮਰਾ ਕੇਵਲ ਸੈਸ਼ਨ ਲਈ ਦਿੱਤਾ ਜਾਂਦਾ ਹੈ। ਇਹ ਕਮਰਾ ਸਲਾਨਾ ਇਮਤਿਹਾਨ ਤੋਂ ਤੁਰੰਤ ਬਾਅਦ ਖ਼ਾਲੀ ਕਰਨਾ ਹੋਵੇਗਾ।
10. ਕਿਸੇ ਵੀ ਵਿਦਿਆਰਥੀ ਨੂੰ ਉੱਚੀ ਅਵਾਜ਼ ਵਿਚ ਰੇਡੀਓ/ਟੇਪ ਰਿਕਾਰਡਰ/ਮੋਬਾਇਲ ਆਦਿ ਲਗਾਉਣ ਦੀ ਆਗਿਆ ਨਹੀਂ ਹੋਵੇਗੀ।
11. ਕੋਈ ਵੀ ਹੋਸਟਲਰ ਵਿਦਿਆਰਥੀ ਆਪਣੇ ਕਮਰੇ ਵਿਚ ਭੋਜਨ ਜਾਂ ਚਾਹ ਆਦਿ ਨਹੀਂ ਲੈ ਕੇ ਜਾਵੇਗਾ। ਇਸ ਸੰਬੰਧੀ ਲਾਂਗਰੀ/ਪ੍ਰੀਫੈਕਟ/ਵਾਰਡਨ ਦੀ ਲਿਖਤੀ ਜਾਂ ਜ਼ੁਬਾਨੀ ਸ਼ਿਕਾਇਤ 'ਤੇ ਕਾਰਵਾਈ ਕਰਕੇ ਵਿਦਿਆਰਥੀ ਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ। ਕਿਸੇ ਵਿਦਿਆਰਥੀ ਦੀ ਲਗਾਤਾਰ ਸ਼ਿਕਾਇਤ ਆਉਣ 'ਤੇ ਉਸ ਦਾ ਮੈਸ ਵਿਚੋਂ ਖਾਣਾ ਬੰਦ ਕੀਤਾ ਜਾ ਸਕਦਾ ਹੈ।
12. ਨਿਯਮਾਂ ਦੀ ਪਾਲਣਾ ਕਰਨਾ ਹਰ ਵਿਦਿਆਰਥੀ ਲਈ ਜਰੂਰੀ ਹੈ। **ਵਿਦਿਆਰਥੀ ਪ੍ਰਸ਼ਾਦਾ ਗੁਰਮਤਿ ਮਰਿਆਦਾ ਅਨੁਸਾਰ ਇੱਕ ਸਮੇਂ ਮੈਸ ਵਿਚ ਹੀ ਛਕਣਗੇ। ਆਰੰਭ ਵਿਚ ਮੂਲ-ਮੰਤਰ ਦਾ ਪਾਠ ਤੇ ਸਮਾਪਤੀ ਤੇ ਅਰਦਾਸ ਕੀਤੀ ਜਾਵੇਗੀ।**
13. ਹੋਸਟਲ ਦੀ ਮੈਸ ਕੋ-ਆਪਰੇਟਿਵ ਪ੍ਰਬੰਧ ਅਧੀਨ ਚਲਾਈ ਜਾਂਦੀ ਹੈ, ਜਿਸ ਵਿਚ ਕੇਵਲ ਸ਼ਾਕਾਹਾਰੀ ਸ਼ੁੱਧ ਅਤੇ ਸਵੱਛ ਭੋਜਨ ਤਿਆਰ ਕੀਤਾ ਜਾਂਦਾ ਹੈ। ਮੈਸ ਦੇ ਭੋਜਨ ਦਾ ਮੀਨੂ ਅਤੇ ਸਮਾਂ ਵਾਰਡਨ ਵਲੋਂ ਨਿਸ਼ਚਿਤ ਕੀਤਾ ਜਾਵੇਗਾ, ਜਿਸ ਵਿਚ ਕੋਈ ਵੀ ਤਬਦੀਲੀ ਵਾਰਡਨ ਦੀ ਪ੍ਰਵਾਨਗੀ ਨਾਲ ਹੀ ਕੀਤੀ ਜਾ ਸਕਦੀ ਹੈ।

**ਛੁੱਟੀਆਂ ਦੇ ਨਿਯਮ:**

1. ਵਿਦਿਆਰਥੀ ਵਲੋਂ ਕਾਲਜ ਤੋਂ ਛੁੱਟੀ ਦੀ ਅਰਜੀ ਸੰਬੰਧਿਤ ਕਾਲਜ ਟੀਚਰ ਰਾਹੀਂ ਪ੍ਰਿੰਸੀਪਲ ਦੀ ਪ੍ਰਵਾਨਗੀ ਲਈ ਪੇਸ਼ ਕੀਤੀ ਜਾਵੇਗੀ।
2. ਇਕ ਮਹੀਨੇ ਵਿਚ ਕੇਵਲ ਇਕ ਵਾਰੀ ਹੀ ਘਰ ਜਾਣ ਦੀ ਆਗਿਆ ਦਿੱਤੀ ਜਾ ਸਕਦੀ ਹੈ।
3. ਹੋਸਟਲ ਦੀ ਛੁੱਟੀ 'ਤੇ ਹੋਸਟਲ ਵਾਰਡਨ ਦੀ ਸਿਫ਼ਾਰਸ਼ ਜਰੂਰੀ ਹੈ।
4. ਛੁੱਟੀਆਂ ਲੈਂਦੇ ਸਮੇਂ ਵਜ਼ੀਫਾ ਪ੍ਰਾਪਤ ਕਰਨ ਦੇ ਨਿਯਮ ਧਿਆਨ ਵਿਚ ਰੱਖੇ ਜਾਣ।
5. ਹੋਸਟਲ ਤੋਂ ਛੁੱਟੀਆਂ/ਗ਼ੈਰ-ਹਾਜ਼ਰੀਆਂ ਐਤਵਾਰ ਸਮੇਤ ਗਿਣੀਆਂ ਜਾਣਗੀਆਂ।

**ਗੁਰਦੁਆਰਾ ਸਾਹਿਬ ਵਿਚ ਹਾਜ਼ਰੀ ਅਤੇ ਟਾਈਮ ਟੇਬਲ:**

1. ਹਰ ਵਿਦਿਆਰਥੀ ਲਈ ਸਵੇਰੇ-ਸ਼ਾਮ ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਵਿਚ ਹਾਜਰੀ ਲਾਜ਼ਮੀ ਹੈ।
2. ਸਵੇਰੇ-ਸ਼ਾਮ ਗੁਰਦੁਆਰਾ ਸਾਹਿਬ ਦਾ ਟਾਈਮ ਮੌਸਮ ਅਨੁਸਾਰ ਨਿਸ਼ਚਿਤ ਕੀਤਾ ਜਾਂਦਾ ਹੈ।
3. ਸਵੇਰ ਦੇ ਪ੍ਰੋਗਰਾਮ ਵਿਚ ਗੁਰਮਤਿ ਮਰਿਆਦਾ ਅਨੁਸਾਰ ਨਿਤਨੇਮ/ਆਸਾ ਦੀ ਵਾਰ ਦਾ ਕੀਰਤਨ ਆਦਿ ਹੋਵੇਗਾ।
4. ਸ਼ਾਮ ਦੇ ਪ੍ਰੋਗਰਾਮ ਵਿਚ ਸੋਦਰ ਦੀ ਚੌਂਕੀ (ਰਹਿਰਾਸ ਸਾਹਿਬ) ਅਤੇ ਸੋਹਿਲਾ ਸਾਹਿਬ ਦੇ ਪਾਠ ਅਤੇ ਅਸਥਾਨ ਦੀ ਸੇਵਾ ਕਰਵਾਈ ਜਾਵੇਗੀ।

**ਨੋਟ: ਲੋੜ ਅਨੁਸਾਰ ਪ੍ਰਬੰਧਕਾਂ ਵਲੋਂ ਕਿਸੇ ਵੀ ਨਿਯਮ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ।**

## ਗੁਰਮਤਿ ਕਾਲਜ, ਪਟਿਆਲਾ ਦੇ ਸ੍ਰੇਸ਼ਟ ਵਿਦਿਆਰਥੀਆਂ ਦੀ ਸੂਚੀ

| | | | |
|---|---|---|---|
| 1. | ਡਾ. ਅਮਰਜੀਤ ਸਿੰਘ | ਪ੍ਰੋਫ਼ੈਸਰ | ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ |
| 2. | ਡਾ. ਅਮਰ ਸਿੰਘ | ਪ੍ਰੋਫ਼ੈਸਰ | ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ |
| 3. | ਡਾ. ਅਸਪ੍ਰੀਤ ਕੌਰ | ਸਹਾਇਕ ਪ੍ਰੋਫ਼ੈਸਰ | ਗੁਰਮਤਿ ਕਾਲਜ, ਪਟਿਆਲਾ |
| 4. | ਸ. ਅਵਤਾਰ ਸਿੰਘ | ਗਾਈਡ | ਸ਼੍ਰੋ. ਗੁ. ਪ੍ਰ. ਕਮੇਟੀ, ਅੰਮ੍ਰਿਤਸਰ |
| 5. | ਸ. ਸਵਰਨਜੀਤ ਸਿੰਘ | ਸਾਬਕਾ ਪ੍ਰਿੰਸੀਪਲ | ਗੁਰਮਤਿ ਕਾਲਜ, ਪਟਿਆਲਾ |
| 6. | ਡਾ. ਸੂਬਾ ਸਿੰਘ | ਸਾਬਕਾ ਪ੍ਰਿੰਸੀਪਲ | ਗੁਰਮਤਿ ਕਾਲਜ, ਪਟਿਆਲਾ |
| 7. | ਸ. ਸੁਖਦੇਵ ਸਿੰਘ | ਐਡਵਾਇਜ਼ਰ | ਸ੍ਰੀ ਅਕਾਲ ਤਖ਼ਤ ਸਾਹਿਬ ਸੈਕਟਰੀਏਟ,ਅੰਮ੍ਰਿਤਸਰ |
| 8. | ਡਾ. ਸਤਵਿੰਦਰ ਸਿੰਘ | ਸੰਪਾਦਕ | ਗੁਰਮਤਿ ਪ੍ਰਕਾਸ਼, ਸ੍ਰੀ ਅੰਮ੍ਰਿਤਸਰ |
| 9. | ਡਾ. ਹਰਪਾਲ ਸਿੰਘ | ਚੇਅਰਪਰਸਨ | ਸੈਂਟਰਲ ਯੂਨੀਵਰਸਿਟੀ, ਬਠਿੰਡਾ |
| 10. | ਡਾ. ਹਰਭਜਨ ਸਿੰਘ | ਸਾਬਕਾ ਡਾਇਰੈਕਟਰ | ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ |
| 11. | ਡਾ. ਹਰਜੀਤ ਸਿੰਘ | ਸਹਾਇਕ ਪ੍ਰੋਫ਼ੈਸਰ | ਗੁਰਮਤਿ ਕਾਲਜ, ਪਟਿਆਲਾ |
| 12. | ਡਾ. ਹਰਦੇਵ ਸਿੰਘ | ਸਹਾਇਕ ਪ੍ਰੋਫ਼ੈਸਰ | ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ |
| 13. | ਡਾ. ਹਰਪ੍ਰੀਤ ਕੌਰ | ਧਾਰਮਿਕ ਟੀਚਰ | ਗੁਰੂ ਤੇਗ ਬਹਾਦਰ ਕਾਲਜ ਲੜਕੀਆਂ, ਨਿੰਮ ਸਾਹਿਬ, ਆਕੜ। |
| 14. | ਡਾ. ਕੰਵਰਜੀਤ ਸਿੰਘ | ਸਾਬਕਾ ਕਾਰਜਕਾਰੀ ਪ੍ਰਿੰਸੀਪਲ | ਗੁਰਮਤਿ ਕਾਲਜ, ਪਟਿਆਲਾ |
| 15. | ਸ੍ਰ. ਕਰਮਜੀਤ ਸਿੰਘ | ਸਾਬਕਾ ਸਹਿ-ਸੰਪਾਦਕ | ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ |
| 16. | ਡਾ. ਕੁਲਵਿੰਦਰ ਸਿੰਘ | ਸਹਾਇਕ ਪ੍ਰੋਫ਼ੈਸਰ | ਡਾ. ਬਲਬੀਰ ਸਿੰਘ ਸਾਹਿਤ ਸਦਨ, ਦੇਹਰਾਦੂਨ |
| 17. | ਸ. ਗੁਰਜੀਤ ਸਿੰਘ (ਪੀ.ਸੀ.ਐਸ.) | ਐਡੀਸ਼ਨਲ ਡਿਪਟੀ ਕਮਿਸ਼ਨਰ | ਫਿਰੋਜ਼ਪੁਰ |
| 18. | ਡਾ. ਗੁਰਵੀਰ ਸਿੰਘ | ਪ੍ਰਿੰਸੀਪਲ | ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਗਹਿਲ (ਬਰਨਾਲਾ) |
| 19. | ਡਾ. ਗੁਰਨੇਕ ਸਿੰਘ | ਸਾਬਕਾ ਵੀ.ਸੀ. | ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ |
| 20. | ਡਾ. ਗੁਰਬਾਜ਼ ਸਿੰਘ | ਸਹਾਇਕ ਪ੍ਰੋਫ਼ੈਸਰ | ਮਾਤਾ ਗੁਜਰੀ ਕਾਲਜ, ਸ੍ਰੀ ਫਤਹਿਗੜ੍ਹ ਸਾਹਿਬ |
| 21. | ਡਾ. ਗੁਰਮੇਲ ਸਿੰਘ | ਸਹਾਇਕ ਪ੍ਰੋਫ਼ੈਸਰ | ਪੰਜਾਬੀ ਯੂਨੀਵਰਸਿਟੀ, ਪਟਿਆਲਾ |
| 22. | ਡਾ. ਗੁਰਵੀਰ ਸਿੰਘ | ਸਹਾਇਕ ਪ੍ਰੋਫ਼ੈਸਰ | ਖ਼ਾਲਸਾ ਕਾਲਜ, ਪਟਿਆਲਾ |
| 23. | ਡਾ. ਗੁਰਤੇਜ ਸਿੰਘ | ਇੰਚਾਰਜ | ਗੁਰੂ ਤੇਗ ਬਹਾਦਰ ਕਾਲਜ ਲੜਕੀਆਂ, ਨਿੰਮ ਸਾਹਿਬ, ਆਂਕੜ। |
| 24. | ਡਾ. ਚਮਕੌਰ ਸਿੰਘ | ਡਾਇਰੈਕਟਰ | ਸ. ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਐਡਵਾਂਸ ਸਟੱਡੀਜ਼ ਇਨ ਸਿੱਖ ਸਟੱਡੀਜ਼ ਬਹਾਦਰਗੜ੍ਹ |
| 25. | ਡਾ. ਜਸਵਿੰਦਰ ਕੌਰ | ਸਹਾਇਕ ਪ੍ਰੋਫ਼ੈਸਰ | ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ, ਜ਼ੀਰਕਪੁਰ |
| 26. | ਸ੍ਰ. ਜਸਬੀਰ ਸਿੰਘ ਬੋਪਾਰਾਏ | | ਟਰਾਂਟੋ, ਕੈਨੇਡਾ |
| 27. | ਸ੍ਰ. ਹਰਵੀਰ ਸਿੰਘ | ਵਾਈਸ ਪ੍ਰਿੰਸੀਪਲ | ਗੁਰਮਤਿ ਪ੍ਰਸਾਰ ਟ੍ਰੇਨਿੰਗ ਇੰਸਟੀਚਿਊਟ, ਮੁੰਡੀ ਖਰੜ, |

| | | | |
|---|---|---|---|
| | | | ਜਿਲ੍ਹਾ ਮੁਹਾਲੀ |
| 28. | ਡਾ. ਜਗੀਰ ਸਿੰਘ | ਸਾਬਕਾ ਪ੍ਰੋਫ਼ੈਸਰ ਅਤੇ ਐਡੀਟਰ | ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ; ਅੰਮ੍ਰਿਤ ਕੀਰਤਨ |
| 29. | ਸ੍ਰ. ਜਸਬੀਰ ਸਿੰਘ | ਜਨਰਲ ਸਕੱਤਰ ਅਤੇ ਸਾਬਕਾ ਪ੍ਰੋਫ਼ੈਸਰ/ ਵਾਰਡਨ | ਡੇਰਾ ਬਾਬਾ ਜੱਸਾ ਸਿੰਘ, ਗੁਰਮਤਿ ਕਾਲਜ, ਪਟਿਆਲਾ |
| 30. | ਡਾ. ਜਸਵਿੰਦਰ ਸਿੰਘ | ਸਹਾਇਕ ਪ੍ਰੋਫ਼ੈਸਰ | ਯੂਨੀਵਰਸਿਟੀ ਕਾਲਜ, ਢਿੱਲਵਾਂ |
| 31. | ਡਾ. ਤਰਸੇਮ ਸਿੰਘ | ਸਹਾਇਕ ਪ੍ਰੋਫ਼ੈਸਰ | ਅਕਾਲ ਯੂਨੀਵਰਸਿਟੀ, ਬਠਿੰਡਾ |
| 32. | ਡਾ. ਤੇਜਿੰਦਰਪਾਲ ਸਿੰਘ | ਸਹਾਇਕ ਪ੍ਰੋਫ਼ੈਸਰ | ਯੂਨੀਵਰਸਿਟੀ ਕਾਲਜ, ਮੀਰਾਂਪੁਰ |
| 33. | ਡਾ. ਦਰਸ਼ਨ ਸਿੰਘ | ਸਾਬਕਾ ਪ੍ਰੋਫ਼ੈਸਰ | ਪੰਜਾਬੀ ਯੂਨੀਵਰਸਿਟੀ, ਪਟਿਆਲਾ |
| 34. | ਡਾ. ਦਿਲਵਰ ਸਿੰਘ | ਅਸਿਸਟੈਂਟ ਡਾਇਰੈਕਟਰ | ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਫਤਹਿਗੜ੍ਹ ਸਾਹਿਬ |
| 35. | ਡਾ. ਦਲਜੀਤ ਸਿੰਘ | ਹੈਡ ਗ੍ਰੰਥੀ/ਕਥਾਵਾਚਕ | ਕੈਲਗਰੀ, ਕੈਨੇਡਾ |
| 36. | ਡਾ. ਪਸ਼ੌਰਾ ਸਿੰਘ | ਪ੍ਰੋਫ਼ੈਸਰ | ਮਿਸ਼ੀਗਨ ਯੂਨੀਵਰਸਿਟੀ, ਕੈਨੇਡਾ |
| 37. | ਡਾ. ਪਰਮਜੀਤ ਕੌਰ | ਐਸੋਸੀਏਟ ਪ੍ਰੋਫ਼ੈਸਰ | ਗੁਰ ਤੇਗ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ |
| 38. | ਡਾ. ਪਰਮਜੀਤ ਸਿੰਘ ਸਰੋਆ | ਸੀਨੀਅਰ ਸਕੱਤਰ | ਸ਼੍ਰੋ. ਗੁ. ਪ੍ਰ. ਕ. ਸ੍ਰੀ ਅੰਮ੍ਰਿਤਸਰ ਸਾਹਿਬ |
| 39. | ਡਾ. ਪਲਵਿੰਦਰ ਕੌਰ | ਸਹਾਇਕ ਪ੍ਰੋਫ਼ੈਸਰ | ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ |
| 40. | ਡਾ. ਬਲਜਿੰਦਰ ਸਿੰਘ | ਸਹਾਇਕ ਪ੍ਰੋਫ਼ੈਸਰ | ਯੂਨੀਵਰਸਿਟੀ ਕਾਲਜ, ਚੁੰਨੀ ਕਲਾਂ |
| 41. | ਡਾ. ਮਨਿੰਦਰ ਸਿੰਘ | ਪ੍ਰਚਾਰਕ | ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ। |
| 42. | ਡਾ. ਮਲਕਿੰਦਰ ਕੌਰ | ਪ੍ਰੋਫ਼ੈਸਰ | ਸ੍ਰੀ ਗੁਰੂ ਗ੍ਰੰਥ ਸਾਹਿਬ, ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ |
| 43. | ਡਾ. ਮੁਹੱਬਤ ਸਿੰਘ | ਸਹਾਇਕ ਪ੍ਰੋਫ਼ੈਸਰ | ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ |
| 44. | ਬੀਬੀ ਮਨਜੀਤ ਕੌਰ | ਪ੍ਰਿੰਸੀਪਲ | ਸ਼ਹੀਦ ਸਿਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਸਾਹਿਬ |
| 45. | ਡਾ. ਰੂਪ ਸਿੰਘ | ਸਾਬਕਾ ਸਕੱਤਰ | ਸ਼੍ਰੋਮਣੀ ਗੁ.ਪ੍ਰ.ਕਮੇਟੀ, ਅੰਮ੍ਰਿਤਸਰ ਸਾਹਿਬ |
| 46. | ਡਾ. ਰਣਜੀਤ ਕੌਰ | ਰਿਸਰਚ ਫੈਲੋ | ਸਿੱਖ ਇਤਿਹਾਸ ਰੀਸਰਚ ਬੋਰਡ ਅੰਮ੍ਰਿਤਸਰ |
| 47. | ਡਾ. ਅਮਨ ਸਿੰਘ | ਸਹਾਇਕ ਪ੍ਰੋਫ਼ੈਸਰ | ਮਾਤਾ ਸਾਹਿਬ ਕੌਰ ਖ਼ਾਲਸਾ ਗਰਲਜ਼ ਕਾਲਜ, ਤਲਵੰਡੀ ਸਾਬੋ |

**ਭਾਰਤੀ ਫੌਜ ਵਿਚ ਸੂਬੇਦਾਰ (Religious Teacher) ਦੀ ਪੋਸਟ ਤੇ ਸੇਵਾ ਕਰ ਰਹੇ ਗੁਰਮਤਿ ਕਾਲਜ, ਪਟਿਆਲਾ ਦੇ ਵਿਦਿਆਰਥੀ**

| | | | |
|---|---|---|---|
| 1. | ਸ. ਪ੍ਰਿਤਪਾਲ ਸਿੰਘ | ਸੂਬੇਦਾਰ | ਭਾਰਤੀ ਫੌਜ |
| 2. | ਸ. ਸਤਨਾਮ ਸਿੰਘ | ਸੂਬੇਦਾਰ | ਭਾਰਤੀ ਫੌਜ |
| 3. | ਸ. ਮੇਜਰ ਸਿੰਘ | ਸੂਬੇਦਾਰ | ਭਾਰਤੀ ਫੌਜ |
| 4. | ਸ. ਗੁਲਸ਼ਨ ਸਿੰਘ | ਸੂਬੇਦਾਰ | ਭਾਰਤੀ ਫੌਜ |
| 5. | ਸ. ਨਛੱਤਰ ਸਿੰਘ | ਸੂਬੇਦਾਰ | ਭਾਰਤੀ ਫੌਜ |
| 6. | ਸ. ਗੁਰਚਰਨ ਸਿੰਘ | ਸੂਬੇਦਾਰ | ਭਾਰਤੀ ਫੌਜ |
| 7. | ਸ. ਜਸਵਿੰਦਰ ਸਿੰਘ | ਸੂਬੇਦਾਰ | ਭਾਰਤੀ ਫੌਜ |
| 8. | ਸ. ਗੁਰਜੀਤ ਸਿੰਘ | ਸੂਬੇਦਾਰ | ਭਾਰਤੀ ਫੌਜ |

**ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਨਵੀਂ ਦਿੱਲੀ ਵੱਲੋਂ ਜਾਰੀ ਜਾਅਲੀ ਯੂਨੀਵਰਸਿਟੀਆਂ ਦੀ ਸੂਚੀ**

❖ ਆਲ ਇੰਡੀਆ ਇੰਸਟੀਚਿਊਟ ਆਫ਼ ਪਬਲਿਕ ਐਂਡ ਫਿਜੀਕਲ ਹੈਲਥ ਸਾਇਸਿੰਜ਼ ਅਲੀਪੁਰ, ਦਿੱਲੀ
❖ ਕਮਰਸੀਅਲ ਯੂਨੀਵਰਸਿਟੀ ਲਿਮਟਿਡ, ਦਰਿਆਗੰਜ, ਦਿੱਲੀ
❖ ਵੋਕੇਸ਼ਨਲ ਯੂਨੀਵਰਸਿਟੀ, ਦਿੱਲੀ
❖ ਏ.ਡੀ.ਆਰ ਸੈਂਟਰਿਕ ਜੁਰੁਡੀਕਲ ਯੂਨੀਵਰਸਿਟੀ, ਨਵੀਂ ਦਿੱਲੀ
❖ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਇੰਜੀਨੀਅਰਿੰਗ, ਨਵੀਂ ਦਿੱਲੀ
❖ ਵਿਸ਼ਵਕਰਮਾ ਓਪਨ ਯੂਨੀਵਰਸਿਟੀ ਫ਼ਾਰ ਸੈਲਫ ਇੰਪਲਾਈਮੈਂਟ, ਨਵੀਂ ਦਿੱਲੀ
❖ ਅਧਿਆਤਮਿਕ ਵਿਸ਼ਵਵਿਦਿਆਲਾ, ਦਿੱਲੀ
❖ ਗਾਂਧੀ ਹਿੰਦੀ ਵਿਦਿਆਪੀਠ, ਪ੍ਰਯਾਗ
❖ ਨੈਸ਼ਨਲ ਯੂਨੀਵਰਸਿਟੀ ਆਫ਼ ਇਲਟ੍ਰੋ ਕੰਪਲੈਕਸ ਹੋਮਿਓਪੈਥੀ, ਕਾਨਪੁਰ
❖ ਭਾਰਤੀ ਸ਼ਿਕਸ਼ਾ ਪਰਿਸ਼ਦ, ਭਾਰਤ ਭਵਨ, ਲਖਨਊ
❖ ਨੇਤਾ ਜੀ ਸੁਭਾਸ਼ ਚੰਦਰ ਬੋਸ ਓਪਨ ਯੂਨੀਵਰਸਿਟੀ, ਅਲੀਗੜ੍ਹ
❖ ਸ੍ਰੀ ਬੋਧੀ ਅਕੈਡਮੀ ਆਫ਼ ਹਾਇਰ ਐਜੂਕੇਸ਼ਨ, ਪੁਡੂਚੇਰੀ
❖ ਨਵ ਭਾਰਤ ਸ਼ਿਕਸ਼ਾ ਪਰਿਸ਼ਦ, ਰੁੜਕੇਲਾ
❖ ਨਾਰਥ ਉੜੀਸਾ ਯੂਨੀਵਰਸਿਟੀ ਆਫ਼ ਐਗਰੀਕਲਚਰ ਐਂਡ ਟੈਕਨਾਲੋਜੀ
❖ ਇੰਡੀਅਨ ਇੰਸਟੀਚਿਊਟ ਆਫ਼ ਅਲਟਰਨੇਟਿਵ ਮੈਡੀਸਨ
❖ ਇੰਸਟੀਚਿਊਟ ਆਫ਼ ਅਲਟਰਨੇਟਿਵ ਮੈਡੀਸਨ ਐਂਡ ਰਿਸਰਚ
❖ ਬਾਦਰਾਨਵੀ ਸਰਕਾਰ ਵਰਲਡ ਓਪਨ ਯੂਨੀਵਰਸਿਟੀ ਐਜੂਕੇਸ਼ਨ ਸੋਸਾਇਟੀ, ਕਰਨਾਟਕਾ
❖ ਰਾਜਾ ਅਰੇਬਿਕ ਯੂਨੀਵਰਸਿਟੀ, ਨਾਗਪੁਰ
❖ ਕਰਾਈਸਟ ਨਿਊ ਟੈਸਟਾਮੈਂਟ ਡੀਮਡ ਯੂਨੀਵਰਸਿਟੀ, ਗੁੰਟੂਰ

## ਦਾਖ਼ਲੇ ਸੰਬੰਧੀ ਸੂਚਨਾ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੱਤਰ ਨੰ: 7686 ਮਿਤੀ 19-05-2023 ਅਨੁਸਾਰ ਸਮੈਸਟਰ ਸਿਸਟਮ ਪ੍ਰਣਾਲੀ ਲਈ ਦਾਖ਼ਲਿਆਂ ਦਾ ਸ਼ਡਿਊਲ ਨਿਮਨ ਅਨੁਸਾਰ ਹੋਵੇਗਾ:

| | | |
|---|---|---|
| 1. | ਰੈਗੂਲਰ ਦਾਖ਼ਲੇ | (i) ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੇ 14 ਕੰਮਕਾਜੀ ਦਿਨਾਂ ਦੇ ਅੰਦਰ-ਅੰਦਰ |
| 2. | 500/- ਰੁਪਏ ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | (ii) ਉਪਰੋਕਤ (i) ਤੋਂ ਅਗਲੇ 10 ਕੰਮਕਾਜੀ ਦਿਨਾਂ ਦੇ ਅੰਦਰ-ਅੰਦਰ |
| 3. | 1000/- ਰੁਪਏ ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | (iii)ਉਪਰੋਕਤ (ii) ਤੋਂ ਅਗਲੇ 10 ਕੰਮਕਾਜੀ ਦਿਨਾਂ ਦੇ ਅੰਦਰ-ਅੰਦਰ |
| 4. | 2000/- ਰੁਪਏ ਲੇਟ ਫੀਸ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | (iv)ਉਪਰੋਕਤ (iii) ਤੋਂ ਅਗਲੇ 10 ਕੰਮਕਾਜੀ ਦਿਨਾਂ ਦੇ ਅੰਦਰ-ਅੰਦਰ |

**ਨੋਟ:** ਸਮੈਸਟਰ ਸਿਸਟਮ ਅਨੁਸਾਰ ਪਹਿਲੇ ਅਤੇ ਤੀਜੇ ਸਮੈਸਟਰ ਦੀਆਂ ਰੈਗੂਲਰ ਕਲਾਸਾਂ ਮਿਤੀ 16.08.2023 ਤੋਂ ਸ਼ੁਰੂ ਹੋਣਗੀਆਂ। ਇਸ ਲਈ ਐਮ.ਏ. ਭਾਗ ਦੂਜਾ ਦੇ ਵਿਦਿਆਰਥੀਆਂ ਲਈ ਮਿਤੀ 16.08.2023 ਤੱਕ ਦਾਖ਼ਲਾ ਲੈਣਾ ਜਰੂਰੀ ਹੈ, ਇਸ ਉਪਰੰਤ ਨਿਯਮਾਂ ਅਨੁਸਾਰ ਲੇਟ ਫੀਸ ਲੈ ਕੇ ਹੀ ਦਾਖ਼ਲਾ ਕੀਤਾ ਜਾਵੇਗਾ।

**ਸ. ਕੁਲਦੀਪ ਸਿੰਘ**
ਕਲਰਕ
ਮੋਬ: 98154-21825

**ਡਾ. ਜਸਬੀਰ ਕੌਰ**
ਪ੍ਰਿੰਸੀਪਲ

ਗੁਰਮਤਿ ਕਾਲਜ, ਪਟਿਆਲਾ
ਫੋਨ ਨੰਬਰ : 0175-2201131
98760-86649

# ਅਤਿ ਜਰੂਰੀ

ਹਰ ਵਿਦਿਆਰਥੀ ਨੂੰ ਦਾਖ਼ਲਾ ਲੈਣ ਉਪਰੰਤ ਨਿਮਨ ਲਿਖਤ ਪ੍ਰਤਿਗਿਆ ਪੱਤਰ ਦਾਖ਼ਲਾ ਫਾਰਮ ਨਾਲ ਆਪ ਦਸਤਖਤ ਕਰਨ ਉਪਰੰਤ ਮਾਪਿਆਂ/ਸਰਪ੍ਰਸਤ ਤੋਂ ਪ੍ਰਤਿਹਸਤਾਖਰਿਤ ਕਰਕੇ ਦੇਣਾ ਜਰੂਰੀ ਹੋਵੇਗਾ।

ਮੈਂ ਇਹ ਇਕਰਾਰ ਕਰਦਾ/ਕਰਦੀ ਹਾਂ ਕਿ :

1. ਮੈਂ ਆਪਣੇ ਮਾਪਿਆਂ/ਸਰਪ੍ਰਸਤ ਦੀ ਰਜਾਮੰਦੀ ਨਾਲ ਦਾਖਲੇ ਲਈ ਅਰਜੀ ਦੇ ਰਿਹਾ। ਮੇਰੇ ਮਾਪੇ/ ਸਰਪ੍ਰਸਤ ਕਾਲਜ ਦੇ ਸਾਰੇ ਖਰਚੇ ਚੁਕਣਗੇ।
2. ਮੇਰੇ ਦਾਖਲਾ ਫਾਰਮ ਵਿਚ ਦਰਸਾਏ ਗਏ ਸਾਰੇ ਵੇਰਵੇ ਮੇਰੀ ਪੂਰੀ ਜਾਣਕਾਰੀ ਅਨੁਸਾਰ ਸਹੀ ਹਨ ਅਤੇ ਕੁਝ ਵੀ ਛੁਪਾਇਆ ਨਹੀਂ ਗਿਆ ਹੈ। ਗੁਰਮਤਿ ਕਾਲਜ ਪਟਿਆਲਾ ਵਿੱਚ ਦਾਖਲਾ ਲੈਣ ਲਈ ਕਾਲਜ ਨੂੰ ਦਿੱਤੀ ਗਈ ਕਿਸੇ ਵੀ ਗਲਤ ਜਾਣਕਾਰੀ ਲਈ ਮੈਂ ਜਿੰਮੇਵਾਰ ਹੋਵਾਂਗਾ/ਹੋਵਾਂਗੀ।
3. ਮੈਂ ਕਾਲਜ ਦੁਆਰਾ ਸੂਚਿਤ ਅਤੇ ਪ੍ਰਾਸਪੈਕਟਸ ਵਿਚ ਦਰਸਾਏ ਗਏ ਸਾਰੇ ਨਿਯਮਾਂ/ਕਾਨੂੰਨਾਂ ਦੀ ਪਾਲਣਾ ਕਰਾਂਗਾ/ਕਰਾਂਗੀ। ਮੈਂ ਭਾਰਤੀ ਸੰਵਿਧਾਨ/ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਸਮੇਂ-ਸਮੇਂ 'ਤੇ ਸੋਧੇ ਹੋਏ ਸਾਰੇ ਕਾਨੂੰਨਾਂ/ਨਿਯਮਾਂ ਦੀ ਵੀ ਪਾਲਣਾ ਕਰਾਂਗਾ/ਕਰਾਂਗੀ।
4. ਮੈਂ ਕਿਸੇ ਵੀ ਸਟਾਫ ਮੈਂਬਰ ਅਤੇ ਕਾਲਜ ਵਿਰੁੱਧ ਕਿਸੇ ਅੰਦੋਲਨ/ਹੜਤਾਲ ਵਿੱਚ ਹਿੱਸਾ ਨਹੀਂ ਲਵਾਂਗਾ/ ਲਵਾਂਗੀ।
5. ਮੈਂ ਕਾਲਜ ਦੇ ਕਿਸੇ ਵੀ ਅਧਿਆਪਕ/ਕਰਮਚਾਰੀ ਜਾਂ ਵਿਦਿਆਰਥੀ ਨਾਲ ਦੁਰਵਿਵਹਾਰ ਨਹੀਂ ਕਰਾਂਗਾ/ਕਰਾਂਗੀ ਅਤੇ ਕਾਲਜ ਵਿਚ ਕਿਸੇ ਬਾਹਰੀ ਵਿਅਕਤੀ ਨੂੰ ਆਪਣੇ ਨਾਲ ਨਹੀਂ ਲਿਆਵਾਂਗਾ/ ਲਿਆਵਾਂਗੀ।
6. ਮੈਂ ਕਾਲਜ, ਹੋਸਟਲ ਅਤੇ ਗੁਰਦੁਆਰਾ ਸਾਹਿਬ ਦੀਆ ਗਤੀਵਿਧੀਆਂ ਵਿਚ ਨਿਯਮਤ ਰਹਾਂਗਾ ਅਤੇ ਕਿਸੇ ਵੀ ਮਹੀਨੇ ਮੇਰੀ ਹਾਜਰੀ 75% ਤੋਂ ਘੱਟ ਨਹੀਂ ਹੋਵੇਗੀ।
7. ਮੈਂ ਕਲਾਸ ਇੰਚਾਰਜ/ਹੋਸਟਲ ਵਾਰਡਨ/ਪ੍ਰਿੰਸੀਪਲ ਦੀ ਅਗਾਊ ਇਜਾਜ਼ਤ ਤੋਂ ਬਿਨਾਂ ਕਾਲਜ ਅਤੇ ਹੋਸਟਲ ਤੋਂ ਗੈਰਹਾਜਰ ਨਹੀਂ ਰਹਾਂਗਾ/ਰਹਾਂਗੀ।
8. ਮੈਂ ਕਲਾਸਰੂਮ ਅਤੇ ਗੁਰਦੁਆਰਾ ਸਾਹਿਬ ਵਿੱਚ ਪ੍ਰੈਕਟੀਕਲ ਪੀਰੀਅਡਾਂ ਸਮੇਤ ਨਿਯਮਤ ਤੌਰ 'ਤੇ ਕਲਾਸਾਂ ਵਿਚ ਹਾਜ਼ਰ ਹੋਵਾਂਗਾ/ਹੋਵਾਂਗੀ।
9. ਮੈਂ ਕਾਲਜ ਪ੍ਰਾਸਪੈਕਟਸ ਵਿੱਚ ਦਿੱਤੀਆਂ ਸ਼ਰਤਾਂ ਦੇ ਅਨੁਸਾਰ, ''ਕਾਲਜ ਹੋਸਟਲ ਰਜਿਸਟਰ'' ਵਿੱਚ ਐਂਟਰੀਆਂ ਕਰਾਂਗਾ।
10. ਮੈਂ ਲਾਇਬਰੇਰੀ ਵਿੱਚ ਬੈਠਣ ਸਮੇਂ ਕਾਲਜ ਲਾਇਬ੍ਰੇਰੀ ਦੀ ਮਰਿਆਦਾ ਦਾ ਪਾਲਣ ਕਰਾਂਗਾ/ਕਰਾਂਗੀ ਅਤੇ ਪ੍ਰਾਸਪੈਕਟਸ ਵਿਚ ਦਰਸਾਏ ਕਾਲਜ ਲਾਇਬਰੇਰੀ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਾਂਗਾ/ਕਰਾਂਗੀ।

ਜੇਕਰ ਉਪਰੋਕਤ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਮੈਂ ਅਸਫਲ ਰਹਿੰਦਾ/ਰਹਿੰਦੀ ਹਾਂ, ਤਾਂ ਮੇਰਾ ਨਾਮ ਕਾਲਜ ਦੀ ਸੂਚੀ ਵਿੱਚੋਂ ਕੱਢਿਆ ਜਾ ਸਕਦਾ ਹੈ ਅਤੇ ਮੇਰਾ ਪ੍ਰੀਖਿਆ ਫਾਰਮ ਯੂਨੀਵਰਸਿਟੀ ਭੇਜਣ ਤੋਂ ਰੋਕਿਆ ਜਾ ਸਕਦਾ ਹੈ, ਮੇਰਾ ਰੋਲ ਨੰਬਰ ਰੋਕਿਆ ਜਾ ਸਕਦਾ ਹੈ ਅਤੇ ਇਸ ਸਥਿਤੀ ਵਿਚ ਮੇਰੇ ਕੋਲ ਕਾਲਜ ਤੋਂ ਕੋਈ ਦਾਅਵਾ ਨਹੀਂ ਹੋਵੇਗਾ। ਮੈਂ ਕਾਲਜ ਪ੍ਰਿੰਸੀਪਲ ਦੀ ਉਪਰੋਕਤ ਕਾਰਵਾਈ ਨੂੰ ਕਿਸੇ ਵੀ ਕਾਨੂੰਨੀ ਅਦਾਲਤ ਵਿੱਚ ਚੁਣੌਤੀ ਦੇਣ ਦੀ/ਦਾ ਹੱਕਦਾਰ ਨਹੀਂ ਹੋਵਾਂਗਾ/ਹੋਵਾਂਗੀ ਅਤੇ ਜੇਕਰ ਮੈਂ ਅਜਿਹਾ ਕਰਦਾ/ਕਰਦੀ ਹਾਂ ਅਤੇ ਇਸਦਾ ਪ੍ਰਚਾਰ ਕਰਦਾ/ਕਰਦੀ ਹਾਂ ਤਾਂ ਕੇਸ ਬਿਲਕੁਲ ਖਾਰਜ ਕਰ ਦਿੱਤਾ ਜਾਵੇਗਾ।

ਵਿਦਿਆਰਥੀ ਦੇ ਹਸਤਾਖਰ

ਮਾਪਿਆਂ/ਸਰਪ੍ਰਸਤ ਦੁਆਰਾ ਪ੍ਰਤਿ ਹਸਤਾਖਰਿਤ

# ਸ੍ਵੈ-ਘੋਸ਼ਣਾ ਪੱਤਰ

ਮੈਂ..........................................ਪੁੱਤਰ/ਪੁੱਤਰੀ..........................................
ਵਾਸੀ ........................................................................ਨੇ ਗੁਰਮਤਿ ਕਾਲਜ ਪਟਿਆਲਾ ਵਿੱਚ ਐਮ.ਏ. ਧਰਮ ਅਧਿਐਨ ਭਾਗ ਪਹਿਲਾ/ਦੂਜਾ ਵਿੱਚ ਦਾਖ਼ਲਾ ਲਿਆ ਹੈ।

ਮੈਂ ਕਾਲਜ ਪ੍ਰਾਸਪੈਕਟਸ ਵਿੱਚ ਵਜੀਫਾ ਪ੍ਰਾਪਤ ਕਰਨ ਸੰਬੰਧੀ ਦਿੱਤੇ ਨਿਯਮਾਂ ਦੀ ਪਾਲਣਾ ਕਰਦਾ ਹੋਇਆ ਇਹ ਇਕਰਾਰ ਕਰਦਾ ਹਾਂ ਕਿ:

1. ਹਰ ਮਹੀਨੇ ਦਿੱਤੇ ਲਿਖਤੀ ਟੈਸਟ/Assignment ਨੂੰ ਪੂਰਾ ਕਰਾਂਗਾ/ਕਰਾਂਗੀ।

2. ਇੱਕ ਮਹੀਨੇ ਵਿੱਚ ਦੋ ਤੋਂ ਵੱਧ ਕਿਸੇ ਵੀ ਕਾਰਨ ਕਰਕੇ ਛੁੱਟੀ/ਗੈਰ ਹਾਜ਼ਰੀ ਦਾ ਵਜੀਫਾ ਨਹੀਂ ਪ੍ਰਾਪਤ ਕਰਾਂਗਾ।

3. ਕਿਸੇ ਵੀ ਕਾਰਨ ਇੱਕ ਮਹੀਨੇ ਵਿੱਚ ਸੱਤ ਛੁੱਟੀਆਂ/ਗੈਰ-ਹਾਜਰੀਆਂ ਲਈ ਕੇਵਲ ਅੱਧੇ ਮਹੀਨੇ ਦਾ ਵਜੀਫਾ ਪ੍ਰਾਪਤ ਕਰਾਂਗਾ/ਕਰਾਂਗੀ।

4. ਕਿਸੇ ਵੀ ਕਾਰਨ ਇੱਕ ਮਹੀਨੇ ਵਿੱਚ ਦਸ ਜਾਂ ਇਸ ਤੋਂ ਵੱਧ ਛੁੱਟੀਆਂ/ਗੈਰ-ਹਾਜਰੀਆਂ ਲਈ ਪੂਰੇ ਮਹੀਨੇ ਦਾ ਵਜੀਫਾ ਲੈਣ ਦਾ ਹੱਕਦਾਰ ਨਹੀਂ ਹੋਵਾਂਗਾ।

ਮਿਤੀ:........................ ਵਿਦਿਆਰਥੀ ਦੇ ਦਸਤਖਤ

ਸਚੁ ਸਭਨਾ ਹੋਇ ਦਾਰੂ

ਗੁਰਮਤਿ ਕਾਲਜ, ਪਟਿਆਲਾ

ਜਰੂਰੀ ਨੋਟ : ਦਾਖ਼ਲਾ ਫਾਰਮ ਬਿਨੈਕਾਰ ਵਲੋਂ ਆਪਣੇ ਹੱਥ ਨਾਲ ਸਾਫ਼-ਸਾਫ਼ ਭਰਿਆ ਜਾਵੇ।

# ਗੁਰਮਤਿ ਕਾਲਜ, ਪਟਿਆਲਾ

**(ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਿਤ)**

**ਦਾਖ਼ਲਾ ਫਾਰਮ (2023-24)**

**ਕਲਾਸ : ਐਮ.ਏ. (ਧਰਮ ਅਧਿਐਨ)**
**ਭਾਗ : ਪਹਿਲਾ / ਦੂਜਾ**
**ਸਮੈਸਟਰ : ਪਹਿਲਾ / ਤੀਜਾ**
**ਰੋਲ ਨੰਬਰ ....................**
**(ਇਹ ਕਾਲਜ ਵੱਲੋਂ ਭਰਿਆ ਜਾਵੇਗਾ)**

ਸੰਬੰਧਿਤ ਕੈਟਾਗਰੀ ਇਸ ਦੇ ਸਾਹਮਣੇ ਲਿਖੀ ਜਾਵੇ ਜਿਸ ਆਧਾਰ ਤੇ ਦਾਖ਼ਲਾ ਲੈਣਾ ਹੈ ..........................................................
(ਅਜਿਹਾ ਨਾ ਲਿਖਣ ਤੇ ਫ਼ਾਰਮ ਜਨਰਲ ਕੈਟਾਗਰੀ ਵਿੱਚ ਦਾਖ਼ਲਾ ਲੈਣ ਲਈ ਸਮਝਿਆ ਜਾਵੇਗਾ)
ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ/ਹਥਿਆਰਬੰਦ ਸੇਨਾਵਾਂ/ਖਿਡਾਰੀ/ਆਤੰਕਵਾਦ ਪੀੜ੍ਹਿਤ/ਅਧਿਆਪਕ/ਸਿੱਖਿਆ ਵਿਭਾਗ ਦੇ ਕਰਮਚਾਰੀ/ਸੁਤੰਤਰਤਾ ਸੰਗਰਾਮੀ ਦਾ ਬੱਚਾ/ਅੰਗਹੀਣ

**ਬਿਨੈਕਾਰ ਸੰਬੰਧੀ ਵੇਰਵਾ :**

1. ਵਿਦਿਆਰਥੀ ਦਾ ਨਾਂ (ਪੰਜਾਬੀ ਵਿੱਚ)..........................................................................................
   Student's name in capital letter (in English) ..........................................................................
2. ਮਾਤਾ ਅਤੇ ਪਿਤਾ ਦਾ ਨਾਂ (ਪੰਜਾਬੀ ਵਿੱਚ) ..........................................................................................
   Name of the mother and father (in English)..........................................................................
3. ਜੇਕਰ ਤੁਸੀਂ ਅਨੁਸੂਚਿਤ ਜਾਤੀ/ਕਬੀਲੇ/ਪੱਛੜੀ ਸ਼੍ਰੇਣੀ ਨਾਲ ਸੰਬੰਧ ਰੱਖਦੇ ਹੋ ਤਾਂ ਲਿਖੋ..........................................................
4. ਜਨਮ ਮਿਤੀ...................ਉਮਰ..............ਸਾਲ............ਮਹੀਨੇ (1.7.2023 ਨੂੰ), ਵਿਆਹਿਆ (ਹਾਂ/ਨਹੀਂ)..................
5. ਸਰਪ੍ਰਸਤ ਦਾ ਨਾਂ ਅਤੇ ਪਤਾ (ਪਿਤਾ ਦੀ ਮੌਤ ਦੀ ਸੂਰਤ ਵਿੱਚ)..........................................................................
6. ਪਿਤਾ/ਸਰਪ੍ਰਸਤ ਦਾ ਕਿੱਤਾ/ਅਹੁਦਾ/ਕਾਰੋਬਾਰੀ ਪਤਾ/ਟੈਲੀਫੋਨ/ਮੋਬਾਇਲ ਨੰਬਰ..........................................................
7. ਪੱਕਾ ਪਤਾ..........................................................................................................................
8. ਸਥਾਨਕ ਪਤਾ..........................................................................................................................
   ਪਿਛਲਾ ਅਕਾਦਮਿਕ ਰਿਕਾਰਡ

| ਸਾਲ | ਪ੍ਰੀਖਿਆ | ਯੂਨੀ./ਬੋਰਡ | ਨਤੀਜਾ | ਪ੍ਰਾਪਤ ਅੰਕ | ਪ੍ਰਤੀਸ਼ਤ | ਵਿਸ਼ੇ | ਸਕੂਲ/ਕਾਲਜ | ਵਿਸ਼ੇਸ਼ ਕਥਨ |
|---|---|---|---|---|---|---|---|---|
| 2017-18 | | | | | | | | |
| 2018-19 | | | | | | | | |
| 2019-20 | | | | | | | | |
| 2020-21 | | | | | | | | |
| 2021-22 | | | | | | | | |
| 2022-23 | | | | | | | | |

(ਨਤੀਜੇ ਵਾਲੇ ਖਾਨੇ ਵਿੱਚ ਸਪੱਸ਼ਟ ਤੌਰ ਤੇ ਲਿਖਿਆ ਜਾਵੇ ਕਿ ਪਾਸ/ਫੇਲ/ਰੀਅਪੀਅਰ/ਪੇਪਰ ਛੱਡੇ ਹਨ)

9. ਜੇਕਰ ਪੜ੍ਹਾਈ ਦੇ ਕੈਰੀਅਰ ਵਿੱਚ gap ਹੈ ਭਾਵ ਪਿਛਲੇ ਸਾਲਾਂ ਵਿੱਚ ਪੜ੍ਹਾਈ ਨਹੀਂ ਕੀਤੀ ਤਾਂ ਦੱਸਿਆ ਜਾਵੇ ਕਿ ਉਨ੍ਹਾਂ ਸਾਲਾਂ ਵਿੱਚ ਤੁਸੀਂ ਕੀ ਕੀਤਾ ਹੈ? (ਪੂਰਾ ਵੇਰਵਾ ਦਿੱਤਾ ਜਾਵੇ।..........................................................................

10. ਹੋਰ ਸੂਚਨਾਵਾਂ :
   (i) ਖੇਡਾਂ/ਵਿੱਦਿਅਕ ਸਰਗਰਮੀਆਂ:..........................................................................
   (ii) ਸਭਿਆਚਾਰਕ ਰੁਚੀਆਂ:..........................................................................
   (iii) ਕੰਠ ਬਾਣੀਆਂ:..........................................................................
   (iv) ਕੀ ਤੁਸੀਂ ਅੰਮ੍ਰਿਤਧਾਰੀ ਹੋ?..........................................................................
   (v) ਤੁਹਾਡੇ ਪਰਿਵਾਰ ਦੇ ਕਿੰਨੇ ਮੈਂਬਰ ਅੰਮ੍ਰਿਤਧਾਰੀ ਹਨ?..........................................................................
   (vi) ਕੀ ਤੁਸੀਂ ਕੀਰਤਨ/ਕਥਾ/ਲੈਕਚਰ ਕਰ ਸਕਦੇਹੋ?..........................................................................

## ਘੋਸ਼ਣਾ

(1) ਮੈਂ ਘੋਸ਼ਣਾ ਕਰਦਾ ਹਾਂ ਕਿ ਕਾਲਜ ਪ੍ਰਾਸਪੈਕਟਸ 2023-24 ਵਿੱਚ ਦਿੱਤੀ ਸੂਚਨਾ ਪੜ੍ਹ ਲਈ ਹੈ। ਮੈਂ ਇਕਰਾਰ ਕਰਦਾ/ਕਰਦੀ ਹਾਂ ਕਿ ਮੈਂ ਕਾਲਜ ਅਤੇ ਯੂਨੀਵਰਸਿਟੀ ਦੇ ਨਿਯਮਾਂ ਦੀ ਪਾਲਣ ਕਰਾਂਗਾ/ਕਰਾਂਗੀ ਅਤੇ ਕਿਸੇ ਅਜਿਹੀ ਸਰਗਰਮੀ ਨਾਲ ਸੰਬੰਧ ਨਹੀਂ ਰੱਖਾਂਗਾ/ ਰੱਖਾਂਗੀ ਜੋ ਕਾਲਜ ਦੇ ਅਨੁਸ਼ਾਸਨ ਵਿਰੁੱਧ ਹੋਵੇ। ਮੈਂ ਇਹ ਬਿਨੈ ਪੱਤਰ ਆਪਣੇ ਮਾਪਿਆਂ/ਸਰਪ੍ਰਸਤ ਦੀ ਪੂਰਨ ਸਹਿਮਤੀ ਨਾਲ ਦੇ ਰਿਹਾ/ਰਹੀ ਹਾਂ।

(2) ਮੈਂ ਸੱਚੋ ਦਿਲੋਂ ਬਿਆਨ ਕਰਦਾ/ਕਰਦੀ ਹਾਂ ਕਿ ਮੈਂ ਜਿਸ ਜਮਾਤ ਵਿੱਚ ਦਾਖਲਾ ਲੈ ਰਿਹਾ/ਰਹੀ ਹਾਂ, ਉਸ ਲਈ ਮੈਨੂੰ ਕਿਸੇ ਯੂਨੀਵਰਸਿਟੀ ਤੋਂ ਅਯੋਗ ਨਹੀਂ ਠਹਿਰਾਇਆ ਗਿਆ ਅਤੇ ਮੈਂ ਲੋੜੀਂਦੀ ਪਾਤਰਤਾ ਪੂਰੀ ਕਰਦਾ/ਕਰਦੀ ਹਾਂ।

(3) ਮੈਂ ਕਾਲਜ ਪ੍ਰਾਸਪੈਕਟਸ ਵਿੱਚ ਦਿੱਤੇ ਨਿਯਮਾਂ/ਉਪ-ਨਿਯਮਾਂ ਦੀ ਪਾਲਣਾ ਕਰਾਂਗਾ/ਕਰਾਂਗੀ।

(4) ਮੈਂ ਕਾਲਜ ਵਿੱਚ ਲਗਾਤਾਰ ਆਪਣੀ ਕਲਾਸ ਵਿੱਚ ਹਾਜ਼ਰ ਹੋਵਾਂਗਾ/ਹੋਵਾਂਗੀ ਅਤੇ ਕਾਲਜ ਵੱਲੋਂ ਵਜ਼ੀਫਾ ਪ੍ਰਾਪਤ ਕਰਨ ਲਈ ਪ੍ਰਾਸਪੈਕਟਸ ਵਿੱਚ ਦਿੱਤੇ ਨਿਯਮਾਂ ਅਨੁਸਾਰ ਘੱਟੋ-ਘੱਟ 85% ਹਾਜ਼ਰੀਆਂ ਪੂਰੀਆਂ ਕਰਾਂਗਾ/ਕਰਾਂਗੀ।

(5) ਯੂਨੀਵਰਸਿਟੀ ਵੱਲੋਂ ਨਿਰਧਾਰਿਤ ਲੈਕਚਰਾਂ ਸੰਬੰਧੀ ਸ਼ਰਤਾਂ ਪੂਰੀਆਂ ਨਾ ਕਰਨ ਦੀ ਸੂਰਤ ਵਿੱਚ ਸਮੈਸਟਰ ਪ੍ਰੀਖਿਆ ਲਈ ਅਯੋਗ ਕਰਾਰ ਦੇਣ ਤੇ ਮੈਂ ਖੁਦ ਜਿੰਮੇਵਾਰ ਹੋਵਾਂਗਾ/ਹੋਵਾਂਗੀ।

(6) ਮੈਂ ਇਹ ਸੱਚੇ ਦਿਲੋਂ ਬਿਆਨ ਕਰਦਾ/ਕਰਦੀ ਹਾਂ ਕਿ ਉਪਰੋਕਤ ਬਿਆਨ/ਤੱਥ ਠੀਕ ਅਤੇ ਸਹੀ ਹਨ ਅਤੇ ਮੈਂ ਇਸ ਸਮੇਂ ਕਿਸੇ ਹੋਰ ਐਫੀਲੀਏਟਿਡ ਕਾਲਜ ਵਿੱਚ ਦਾਖਲ ਨਹੀਂ ਹਾਂ।

...........................................

**ਬਿਨੈਕਾਰ ਦੇ ਦਸਤਖ਼ਤ**

**(ਮੋਬਾਇਲ ਨੰਬਰ)**

.......................................

**ਪਿਤਾ/ਸ੍ਰਪਰਸਤ ਦੇ ਪੂਰੇ ਦਸਤਖ਼ਤ ਅਤੇ ਮੋਬਾਇਲ ਨੰਬਰ**

ਜਿਨ੍ਹਾਂ ਦੋ ਸੱਜਣਾਂ ਨੂੰ ਤੁਸੀਂ ਜਾਣਦੇ ਹੋ ਉਨ੍ਹਾਂ ਦੇ ਨਾਮ ਤੇ ਪੂਰਾ ਪਤਾ ਅਤੇ ਮੋਬਾਇਲ ਨੰਬਰ

1. ............................................................................................................................................
2. ............................................................................................................................................

**ਲੋੜੀਂਦੇ ਦਸਤਾਵੇਜ ਦਾਖ਼ਲਾ ਫ਼ਾਰਮ ਨਾਲ ਲਗਾਏ ਜਾਣ।**

1. ਤਿੰਨ ਰੰਗਦਾਰ ਪਾਸਪੋਰਟ ਸਾਈਜ਼ ਫੋਟੋਆਂ
2. ਤਸਦੀਕ ਸ਼ੁਦਾ ਸਰਟੀਫਿਕੇਟ ਦੀਆਂ ਕਾਪੀਆਂ
   (i) ਮੈਟ੍ਰਿਕ (ਜਨਮ ਮਿਤੀ)
   (ii) ਪਿਛਲੀ ਪ੍ਰੀਖਿਆ
   (iii) ਆਚਰਣ ਸਰਟੀਫਿਕੇਟ
3. ਮਾਈਗ੍ਰੇਸ਼ਨ ਸਰਟੀਫਿਕੇਟ ਮੂਲ ਰੂਪ ਵਿੱਚ (ਜੇ ਲਾਗੂ ਹੋਵੇ)
4. ਅਨੁਸੂਚਿਤ ਜਾਤੀ/ਕਬੀਲੇ/ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਅਤੇ ਆਮਦਨ ਬਾਰੇ ਲੋੜੀਂਦਾ ਹਲਫੀਆ ਬਿਆਨ (ਜੇ ਲਾਗੂ ਹੋਵੇ)
5. Domicile ਸਰਟੀਫਿਕੇਟ (ਜੇ ਲਾਗੂ ਹੋਵੇ)

ਬਿਨੈਕਾਰ ਦੇ ਅਸਲ ਸਰਟੀਫਿਕੇਟ ਚੈੱਕ ਕਰ ਲਏ ਹਨ। ਉਪਰੋਕਤ ਅਨੁਸਾਰ ਲੋੜੀਂਦੇ ਦਸਤਾਵੇਜ਼ ਫਾਰਮ ਨਾਲ ਨੱਥੀ ਹਨ। ਬਿਨੈਕਾਰ ਐਮ.ਏ. (ਧਰਮ ਅਧਿਐਨ) ਭਾਗ ਪਹਿਲਾ/ਦੂਜਾ ਦੇ ਦਾਖ਼ਲੇ ਦੀ ਯੋਗਤਾ ਪੂਰੀਆਂ ਕਰਦਾ/ਕਰਦੀ ਹੈ। ਦਾਖ਼ਲ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

.......................................................

.......................................................

**(ਦਾਖ਼ਲਾ ਕਮੇਟੀ ਦੇ ਮੈਂਬਰਾਂ ਦੇ ਦਸਤਖ਼ਤ)**

**(ਪ੍ਰਿੰਸੀਪਲ)**

**ਗੁਰਮਤਿ ਕਾਲਜ, ਪਟਿਆਲਾ**

---

............................ਰੁਪਏ ਵਸੂਲ ਪਾਏ। ਰਸੀਦ ਨੰਬਰ.....................ਮਿਤੀ ......................

**(ਕਲਰਕ)**

**ਗੁਰਮਤਿ ਕਾਲਜ, ਪਟਿਆਲਾ**